# ਅੰਮ੍ਰਿਤ ਕੀਰਤਨ

# AMRIT KIRTAN






ਅੰ

ਅਪ੍ਰੈਲ 2001

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 4 ◆ ਸਾਲ ਤੇਹ੍ਵਾਂ ◆ ਅਪ੍ਰੈਲ 2001

2 ਮਿਤ੍ਰ ਅਸਾਡੜੇ ਸੇਈ

5 ਕਰਉ ਬੇਨੰਤੀਆ

6 ਹਰਿਮੰਦਰ ਸਾਹਿਬ ਵਿੱਚ
ਗੈਰ-ਸਿੱਖ ਰਾਗੀਆਂ ਅਤੇ ਰਬਾਬੀਆਂ ਦੇ ਕੀਰਤਨ
ਕਰਨ ਉੱਤੇ ਪਾਬੰਦੀ ਚਰਚਾ ਦਾ ਵਿਸ਼ਾ
ਗਿਆਨੀ ਬਚਿੱਤਰ ਸਿੰਘ ਐਡਵੋਕੇਟ

10 ਸੱਚ-ਖੰਡ ਹਜ਼ੂਰ ਸਾਹਿਬ ਨਾਂਦੇੜ ਵਿੱਚ
ਅਦੁੱਤੀ ਗੁਰਮਤਿ ਸਮਾਗਮ
ਪ੍ਰੋ. ਗੁਰਮੁਖ ਸਿੰਘ ਸਹਿਗਲ

14 ਸਭ ਦੂ ਵਡੇ ਭਾਗ ਗੁਰਸਿਖਾ ਕੇ
ਬਲਵਿੰਦਰ ਸਿੰਘ

16 ਅਮਲਾਂ ਦੇ ਹੋਣਗੇ ਨਬੇੜੇ
ਕਰਤਾਰ ਸਿੰਘ ਨੀਲਧਾਰੀ

19 ਮਹਾਨ ਕੀਰਤਨੀਏ
ਭਾਈ ਸਾਹਿਬ ਭਾਈ ਬਖਸ਼ੀਸ ਸਿੰਘ ਜੀ
ਪ੍ਰੋ. ਰਾਜਿੰਦਰ ਕੌਰ

21 ਕੀਰਤਨ ਦਾ ਕਲਾਕਾਰ
ਬਬਲੀ ਐਸ. ਸਿੰਘ

23 ਪੁਸਤਕ ਸਮੀਖਿਆ
ਡਾ. ਗੁਰਮੀਤ ਸਿੰਘ ਬੈਦਵਾਣ

27 "Khalsa" - The Culmination Of
Guru Nanak's Spiritual Revolution
Bhagawant Singh Dalawari

32 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ

34 ਸੁਰ-ਲਿਪੀਆਂ
ਡਾ. ਗੁਰਨਾਮ ਸਿੰਘ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੈਦਵਾਣ**

ਐਮ.ਏ., ਪੀ.ਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ**

**ਸ. ਉੱਤਮ ਸਿੰਘ**

ਚੰਦੇ ਦਾ ਵੇਰਵਾ :

◆ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.,
ਜੀਵਨ ਮੈਂਬਰ (15 ਸਾਲ) 1500 ਰੁ.

◆ ਵਿਦੇਸ਼: ਸਲਾਨਾ 30 $
ਜੀਵਨ ਮੈਂਬਰ (15 ਸਾਲ) 300 $

ਇਸ਼ਤਿਹਾਰਾਂ ਦਾ ਵੇਰਵਾ :

*ਪਿਛਲਾ ਕਵਰ:* 6000 ਰੁਪਏ

*ਕਵਰ ਦੇ ਅੰਦਰਲੇ ਪੰਨੇ:* 4000 ਰੁਪਏ

*ਸਾਧਾਰਨ ਪੂਰਾ ਪੰਨਾ:* 2000 ਰੁਪਏ

ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915
**e-mail:** drjagirsingh@rediffmail.com

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001

ਕਵਰ ਚਿੱਤਰ :
**Babli S. Singh and M.P. Singh**

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਦੇ ਮਾਰਚ 2001 ਦੇ ਅੰਕ ਵਿੱਚ 'ਕਰਉ ਬੇਨੰਤੀਆਂ' ਦੇ ਸਿਰਲੇਖ ਹੇਠ ਲਿਖੇ ਸੰਪਾਦਕੀ ਦਾ ਇਹ ਹੈਡਿੰਗ ਕੀ 'ਅੰਮ੍ਰਿਤ ਕੀਰਤਨ ਬੰਦ ਕਰ ਦਈਏ?' ਪੜ੍ਹ ਕੇ ਹੈਰਾਨੀ ਵੀ ਹੋਈ ਅਤੇ ਕੁਝ ਘਬਰਾਹਟ ਵੀ ਕਿਉਂਕਿ ਸਮਝ ਨਹੀਂ ਸੀ ਆ ਰਹੀ ਕਿ ਗੁਰਬਾਣੀ ਦੇ ਕੀਰਤਨ ਵਿੱਚ ਬਹੁਤ ਵੱਡੀ ਸੇਵਾ ਕਰ ਰਹੇ ਇਸ ਮੈਗਜ਼ੀਨ ਨੂੰ ਕਿਹੜੀ ਔਕੜ ਪੇਸ਼ ਆ ਗਈ ਹੈ ਕਿ ਸੰਪਾਦਕੀ ਲੇਖ ਵਿੱਚ ਇਹੋ ਜਿਹਾ ਹੈਡਿੰਗ ਲਿਖਣਾ ਪਿਆ। ਸਾਰਾ ਲੇਖ ਪੜ੍ਹਨ ਤੋਂ ਇਸਦੇ ਕਾਰਨ ਦਾ ਪਤਾ ਲੱਗ ਸਕਿਆ। ਦਰਅਸਲ ਜਿਹੜੇ ਵਿਅਕਤੀ ਪੰਜਾਬੀ ਅਖਬਾਰਾਂ ਅਤੇ ਰਸਾਲਿਆਂ ਨੂੰ ਲਗਤਾਰ ਛਾਪਣ ਅਤੇ ਜ਼ਾਰੀ ਰੱਖਣ ਦੀਆਂ ਔਕੜਾਂ ਤੋਂ ਵਾਕਫ ਨਹੀਂ ਉਹ ਇਸ ਕਿਸਮ ਦੀਆਂ ਟਿੱਪਣੀਆਂ ਕਰਦੇ ਰਹਿੰਦੇ ਹਨ ਖਾਸ ਕਰਕੇ 'ਅੰਮ੍ਰਿਤ ਕੀਰਤਨ' ਵਰਗੇ ਧਾਰਮਿਕ ਰਸਾਲੇ ਸਬੰਧੀ। ਇਹਨਾਂ ਸਤਰਾਂ ਦੇ ਲਿਖਾਰੀ ਨੂੰ ਕਲਕੱਤੇ ਤੋਂ ਛਪਣ ਵਾਲੇ ਦੋ ਪੰਜਾਬੀ ਅਖਬਾਰਾਂ – 'ਨਵੀਂ ਪ੍ਰਭਾਵ' ਅਤੇ 'ਦੇਸ਼ ਦਰਪਣ' – ਦਾ ਐਡੀਟਰ ਅਤੇ ਪਹਿਲੇ ਅਖਬਾਰ ਦਾ ਮਾਲਕ ਪ੍ਰਿੰਟਰ ਅਤੇ ਪਬਲਿਸ਼ਰ ਹੋਣ ਦਾ ਮੌਕਾ ਮਿਲਿਆ ਹੈ ਅਤੇ ਉਹ ਆਪਣੇ ਤਜ਼ਰਬੇ ਦੇ ਆਧਾਰ ਤੇ ਕਹਿ ਸਕਦੇ ਹਨ ਕਿ ਅਖਬਾਰ ਅਤੇ ਰਸਾਲਾ ਕੱਢਣਾ ਤੇ ਜ਼ਾਰੀ ਰੱਖਣਾ ਜੀਵਨ ਦਾ ਇੱਕ ਬਹੁਤ ਕਠਿਨ ਅਤੇ ਮੁਸ਼ਕਲ ਕੰਮ ਹੈ। 'ਅਕਾਲੀ ਪਤ੍ਰਿਕਾ' ਦੇ ਬਾਨੀ ਸੁਰਗਵਾਸੀ ਸ੍ਰ. ਅਮਰ ਸਿੰਘ ਦੁਸਾਂਝ ਕਿਹਾ ਕਰਦੇ ਸਨ ਕਿ ਰੋਜ਼ਾਨਾਂ ਅਖਬਾਰ ਕੱਢਣਾ ਖੋਪੜੀ ਉੱਤੇ 'ਅੰਗਿਆਰਾਂ ਦਾ ਭਖਿਆ ਹੋਇਆ ਠੀਕਰਾ' ਧਰਨ ਦੇ ਤੁੱਲ ਹੈ। 'ਰੋਜ਼ਾਨਾ ਅਜੀਤ' ਦੇ ਮਾਲਕ ਅਤੇ ਬਾਨੀ ਸ੍ਰ. ਸਾਧੂ ਸਿੰਘ ਹਮਦਰਦ ਮਾਇਕ ਤੌਰ ਤੇ ਇੱਕ ਵੇਰ ਇੰਨੇ ਤੰਗ ਹੋ ਗਏ ਕਿ ਉਹਨਾਂ ਨੇ ਆਤਮਘਾਤ ਕਰਨ ਦਾ ਫੈਸਲਾ ਕਰ ਲਿਆ ਸੀ।

'ਅੰਮ੍ਰਿਤ ਕੀਰਤਨ' ਦੇ ਜਿਹੜੇ ਪਾਠਕਾਂ ਅਤੇ ਸਨੇਹੀਆਂ ਨੇ ਹੋਟਲ ਅਤੇ ਚੱਪਲਾਂ ਆਦਿ ਬਾਰੇ ਇਸ਼ਤਿਹਾਰ ਛਾਪਣ ਤੇ ਕਿੰਤੂ ਕੀਤਾ ਹੈ ਉਹਨਾਂ ਨੂੰ ਪੰਜਾਬੀ ਅਖਬਾਰਾਂ ਤੇ ਰਸਾਲਿਆਂ ਦੇ ਛਾਪਣ ਅਤੇ ਜ਼ਾਰੀ ਰੱਖਣ ਦੀਆਂ ਔਕੜਾਂ ਬਾਰੇ ਬਹੁਤਾ ਗਿਆਨ ਨਹੀਂ। ਅੰਗਰੇਜ਼ੀ ਅਖਬਾਰ 'ਹਿੰਦੁਸਤਾਨ ਟਾਈਮਜ਼' ਸਿੱਖਾਂ ਦੀ ਮਲਕੀਅਤ ਸੀ ਅਤੇ ਸ੍ਰ. ਮੰਗਲ ਸਿੰਘ ਇਸਦੇ ਮੁੱਖ ਪ੍ਰਬੰਧਕ ਸਨ। ਰਿਆਸਤ ਪਟਿਆਲਾ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਸਰਦਾਰ ਪਾਨੀਕਰ ਇਸ ਅਖਬਾਰ ਦੇ ਐਡੀਟਰ ਸਨ। ਉਹ ਇੱਕ ਵਾਰੀ ਸ੍ਰ. ਮੰਗਲ ਸਿੰਘ ਨੂੰ ਕਹਿਣ ਲੱਗੇ ਕਿ ਸਰਦਾਰ ਜੀ! ਅਖਬਾਰ ਵਿੱਚ ਖਬਰਾਂ ਅਤੇ ਲੇਖ ਛਾਪਣ ਤੋਂ ਇਲਾਵਾ ਅਖਬਾਰ ਨੂੰ ਚਲਾਉਣ ਲਈ ਬਿਜ਼ਨਸ ਨੁਕਤਾ ਨਿਗਾਹ ਵੀ ਸਾਹਮਣੇ ਰੱਖਣਾ ਚਾਹੀਦਾ ਹੈ ਤਦੇ ਅਖਬਾਰ ਨੂੰ ਜ਼ਾਰੀ ਰੱਖਿਆ ਜਾ ਸਕਦਾ ਹੈ। ਸ੍ਰ. ਮੰਗਲ ਸਿੰਘ ਇਸ ਅਖਬਾਰ ਨੂੰ ਜ਼ਾਰੀ ਨਾ ਰੱਖ ਸਕੇ ਉਪਰੰਤ ਪੰਡਤ ਮਦਨ ਮੋਹਨ ਮਾਲਵੀਆ ਨੇ ਇਹ ਅਖਬਾਰ ਖਰੀਦ ਲਿਆ। ਉਹ ਵੀ ਫੇਲ੍ਹ ਹੋ ਗਏ। ਅੰਤ ਇਹ ਅਖਬਾਰ ਬਿਰਲਿਆਂ ਦੇ ਹੱਥ ਆ ਗਿਆ ਜੋ ਅਖਬਾਰ ਲਿਖਣ ਬਾਰੇ ਭਾਵੇਂ ਕੁਝ ਨਹੀਂ ਸੀ ਜਾਣਦੇ ਪ੍ਰੰਤੂ ਵਿਉਪਾਰੀ ਹੋਣ ਕਰਕੇ ਹੁਣ ਤਕ ਸਫਲਤਾ ਸਹਿਤ ਇਸ ਅਖਬਾਰ ਨੂੰ ਜ਼ਾਰੀ ਰੱਖ ਰਹੇ ਹਨ ਅਤੇ ਦੇਸ਼ ਦੀ ਸਿਆਸਤ ਉੱਤੇ ਭਾਰੂ ਹੋਣ ਤੋਂ ਇਲਾਵਾ ਆਪਣੇ ਬਿਜ਼ਨਸ ਹਿੱਤਾਂ ਦੀ ਵੀ ਰਾਖੀ ਕਰਦੇ ਹਨ। ਮਾਸਟਰ ਤਾਰਾ ਸਿੰਘ ਦੇ ਭਰਾ ਪ੍ਰਿੰ. ਨਿਰੰਜਨ ਸਿੰਘ ਸਿੱਖ ਨੈਸ਼ਨਲ ਕਾਲਜ਼ ਲਾਹੌਰ ਦੇ ਪ੍ਰਿੰਸੀਪਲ ਸਨ। ਉਹਨਾਂ ਨੇ ਵੀ ਇੱਕ ਮਾਂਹਵਾਰੀ ਰਸਾਲਾ ਕੱਢਿਆ ਪ੍ਰੰਤੂ ਦੋ ਅੰਕ ਕੱਢ ਕੇ ਹੀ ਥੱਕ ਗਏ। ਮੈਂ ਡਾ. ਜਾਗੀਰ ਸਿੰਘ ਨੂੰ 'ਅੰਮ੍ਰਿਤ ਕੀਰਤਨ' ਜ਼ਾਰੀ ਹੋਣ ਦੇ ਸਮੇਂ ਤੋਂ ਹੀ ਹੱਲਾਸ਼ੇਰੀ ਅਤੇ ਇਸਦੀ ਸਫਲਤਾ ਲਈ ਸੁਝਾਅ ਦਿੰਦਾ ਆ ਰਿਹਾ ਹਾਂ ਕਿਉਂਕਿ ਗੁਰਬਾਣੀ ਕੀਰਤਨ ਦੇ ਖੇਤਰ ਵਿੱਚ ਇਹ ਰਸਾਲਾ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ। ਮੈਂ ਤਾਂ ਕਹਾਂਗਾ ਕਿ ਉਹ ਧੰਨ ਹਨ ਸਰਕਾਰੀ ਸਰਵਿਸ ਵਿੱਚ ਡਿਊਟੀ ਵੀ ਨਿਭਾਉਂਦੇ ਹਨ, ਦੇਸ਼ ਵਿਦੇਸ਼ ਵਿੱਚ ਕੀਰਤਨ ਦੁਆਰਾ ਸਿੱਖੀ ਪ੍ਰਚਾਰ ਦੀ ਬਹੁਤ ਵੱਡੀ ਸੇਵਾ ਕਰਦੇ ਹਨ ਅਤੇ ਰਸਾਲਾ ਵੀ ਕੱਢ ਰਹੇ ਹਨ। ਉਹਨਾਂ ਠੀਕ ਹੀ ਲਿਖਿਆ ਹੈ ਕਿ ਪਾਠਕਾਂ ਵੱਲੋਂ ਆਏ ਚੰਦਿਆਂ ਨਾਲ ਤਾਂ ਡਾਕ ਖਰਚ ਵੀ ਨਹੀਂ ਨਿਕਲਦਾ ਕਾਗਜ਼, ਛਪਾਈ ਆਦਿ ਦਾ ਖਰਚਾ ਵਪਾਰਕ ਅਦਾਰਿਆਂ ਦੇ ਸੁਹਿਰਦ ਪ੍ਰੇਮੀਆਂ ਤੋਂ ਇਸ਼ਤਿਹਾਰ ਪ੍ਰਾਪਤ ਕਰਕੇ ਬਰਦਾਸ਼ਤ ਕੀਤਾ ਜਾ ਰਿਹਾ ਹੈ। ਵਪਾਰਕ ਸੰਸਥਾਵਾਂ ਤੋਂ ਇਸ਼ਤਿਹਾਰ ਮੰਗਣੇ ਬੜਾ ਔਖਾ ਕੰਮ ਹੈ ਅਤੇ ਫਿਰ ਡਾ. ਜਾਗੀਰ ਸਿੰਘ ਵਰਗੇ ਕੀਰਤਨੀਏ ਅਤੇ ਵਿਦਵਾਨ ਲਈ ਹੋਰ ਵੀ ਔਖਾ ਤੇ ਮੁਸ਼ਕਲ। 'ਅਕਾਲੀ ਪਤ੍ਰਿਕਾ' ਦੇ ਬਾਨੀ ਅਤੇ ਐਡੀਟਰ ਸ੍ਰ. ਅਮਰ ਸਿੰਘ ਦੁਸਾਂਝ ਅਤੇ ਗਿਆਨੀ ਸ਼ਾਦੀ ਸਿੰਘ ਜਦੋਂ ਇਸ਼ਤਿਹਾਰ ਪ੍ਰਾਪਤ ਕਰਨ

ਲਈ ਪੰਜਾਬ ਸਕੱਤਰੇਤ ਚੰਡੀਗੜ੍ਹ 'ਚ ਪਹੁੰਚਦੇ ਤਦ ਕਈ ਅਫਸਰਾਂ ਨੇ ਤਾਅਣੇ ਵਜੋਂ ਕਹਿਣਾ ਕਿ 'ਆ ਗਏ ਹਨ ਮੰਗਤੇ'। ਅਖਬਾਰ ਅਤੇ ਰਸਾਲਾ ਕੱਢਣਾ ਅਲੂਣੀ ਸਿੱਲ ਚੱਟਣਾ ਹੈ। ਇਹ ਤਾਂ ਇੱਕ ਕਿਸਮ ਦੀ ਭਗਤੀ ਅਤੇ ਮਾਂ ਬੋਲੀ ਪੰਜਾਬੀ ਲਈ ਬਹੁਤ ਵੱਡੀ ਕੁਰਬਾਨੀ ਹੈ।

ਡਾ. ਜਾਗੀਰ ਸਿੰਘ ਨੇ ਇਹ ਠੀਕ ਹੀ ਲਿਖਿਆ ਹੈ ਕਿ ਇਸ਼ਤਿਹਾਰ ਛਾਪਣ ਵੇਲੇ ਉਹ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਕੋਈ ਅਜਿਹਾ ਇਸ਼ਤਿਹਾਰ ਨਾ ਛਾਪਿਆ ਜਾਵੇ ਜਿਸ ਤੋਂ 'ਅੰਮ੍ਰਿਤ ਕੀਰਤਨ' ਵਰਗੇ ਰਸਾਲੇ ਉੱਤੇ ਸਿੱਖੀ ਮਰਿਯਾਦਾ ਪੱਖੋਂ ਕੋਈ ਹਰਫ ਆਉਂਦਾ ਹੋਵੇ। ਸ਼੍ਰੋਮਣੀ ਕਮੇਟੀ 'ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ' ਬਿਨਾਂ ਇਸ਼ਤਿਹਾਰਾਂ ਤੋਂ ਛਾਪ ਸਕਦੀ ਹੈ ਕਿਉਂਕਿ ਉਸ ਪਾਸ ਲੱਖਾਂ ਦੇ ਫੰਡ ਹਨ। ਪ੍ਰੰਤੂ 'ਅੰਮ੍ਰਿਤ ਕੀਰਤਨ' ਬਗੈਰ ਇਸ਼ਤਿਹਾਰਾਂ ਤੋਂ ਇੱਕ ਦਿਨ ਵੀ ਨਹੀਂ ਚੱਲ ਸਕਦਾ। 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਅਤੇ ਸਨੇਹੀਆਂ ਨੂੰ ਇਹ ਸਚਾਈ ਸਮਝ ਲੈਣੀ ਚਾਹੀਦੀ ਹੈ। ਅੰਤ ਵਿੱਚ ਮੈਂ 'ਅੰਮ੍ਰਿਤ ਕੀਰਤਨ' ਦੇ ਪ੍ਰਬੰਧਕਾਂ ਨੂੰ ਬੇਨਤੀ ਕਰਾਂਗਾ ਕਿ ਉਹ ਡਟ ਕੇ ਇਸ ਰਸਾਲੇ ਨੂੰ ਜ਼ਾਰੀ ਰੱਖਣ ਕਿਉਂਕਿ ਇਹ ਪਰਚਾ ਗੁਰਬਾਣੀ ਕੀਰਤਨ ਦੇ ਪ੍ਰਚਾਰ ਖੇਤਰ ਵਿੱਚ ਸਿੱਖੀ ਅਤੇ ਪੰਥ ਦੀ ਬਹੁਤ ਵੱਡੀ ਸੇਵਾ ਕਰ ਰਿਹਾ ਹੈ।

– ***ਗਿਆਨੀ ਬਚਿੱਤਰ ਸਿੰਘ ਐਡਵੋਕੇਟ,*** ਕੋਠੀ ਨੰ: 1182, ਸੈਕਟਰ: 44-ਬੀ, ਚੰਡੀਗੜ੍ਹ

★ ਫਰਵਰੀ ਦਾ ਮੈਗਜ਼ੀਨ ਮਿਲਿਆ ਬਹੁਤ ਖੁਸ਼ੀ ਹੋਈ। ਟਾਈਟਲ ਵੀ ਬਹੁਤ ਪਿਆਰਾ ਹੈ।
ਆਪ ਜੀ ਦੀ ਸੰਪਾਦਕੀ, ਗੁਰੂ ਗ੍ਰੰਥ ਸਾਹਿਬ ਜੀ ਬਾਰੇ ਲੇਖ ਅਤੇ ਭਾਈ ਹਰਚੰਦ ਸਿੰਘ ਰਾਗੀ, ਉਸਤਾਦ ਬਹਾਦਰ ਸਿੰਘ ਬਾਰੇ ਲੇਖ ਬਹੁਤ ਹੀ ਵਧੀਆ ਲੱਗੇ। ਪ੍ਰੋ. ਪਰਮਜੋਤ ਸਿੰਘ ਜੀ ਵਲੋਂ ਸੁਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਬਖਸ਼ੀਸ਼ ਸਿੰਘ ਜੀ ਦੀਆਂ ਨੁਟੇਸ਼ਨ ਕੀਤੀਆਂ ਸੁਰ ਲਿਪੀਆਂ ਬਹੁਤ ਹੀ ਕਾਬਲੇ ਤਾਰੀਫ ਸਨ। ਪ੍ਰੋ. ਸਾਹਿਬ ਦਾ ਬਹੁਤ ਹੀ ਸਲਾਘਾਯੋਗ ਉੱਦਮ ਹੈ।

– ***ਅਵਤਾਰ ਸਿੰਘ ਹੰਸ,*** ਗੁਰੂ ਅਰਜਨ ਕੀਰਤਨ ਅਕੈਡਮੀ, ਗੁ: ਹਰਿਗੋਬਿੰਦ ਪੁਰਾ ਸੁਨਾਮੀ ਗੇਟ ਬਾਹਰ, ਸੰਗਰੂਰ

★ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ। ਇਸ ਲਈ ਧੰਨਵਾਦੀ ਹਾਂ। 'ਅੰਮ੍ਰਿਤ ਕੀਰਤਨ' ਦੀ ਨੁਹਾਰ ਨੂੰ ਤੁਸਾਂ ਅੱਗੇ ਨਾਲੋਂ ਬਹੁਤ ਹੀ ਸੰਵਾਰ ਲਿਆ ਹੈ। ਗੁਰਮਤਿ ਸੰਗੀਤ ਬਾਰੇ ਇਸ ਪਰਚੇ ਰਾਹੀਂ ਜੋ ਜਾਣਕਾਰੀ ਤੁਸੀਂ ਦੇ ਰਹੇ ਹੋ ਉਸ ਦੀ ਸ਼ਲਾਘਾ ਕੀਤੇ ਬਿਨਾ ਰਹਿ ਨਹੀਂ ਸਕਦਾ। ਤੁਸੀਂ ਵਧਾਈ ਦੇ ਪਾਤਰ ਹੋ।

– ***ਗੁਰਮੁਖ ਸਿੰਘ ਸਹਿਗਲ,*** 144/8, ਮੁਹੱਲਾ ਅਰੋੜਿਆਂ, ਪਟਿਆਲਾ

★ 'ਅੰਮ੍ਰਿਤ ਕੀਰਤਨ' ਰਾਹੀਂ, ਕੀਰਤਨ ਸਿਖਣ ਵਾਲਿਆਂ ਲਈ ਲੋੜੀਂਦੀ ਜਾਣਕਾਰੀ ਘਰ ਬੈਠੇ ਪ੍ਰਾਪਤ ਕਰਨਾ ਆਪ ਦੀ ਵਡਮੁਲੀ ਦੇਣ ਹੈ। ਏਸ ਤੋਂ ਇਲਾਵਾ ਜੀਵਨ ਵਾਲੇ ਅਤੇ ਬੜੇ scholars ਦੇ ਲੇਖ magzine ਵਿੱਚ ਦੇ ਕੇ ਪਾਠਕਾਂ ਲਈ ਬੜੀ ਖਿੱਚ ਦਾ ਕਾਰਣ ਬਣਾ ਦੇਂਦੇ ਹੋ। ਹੱਥ ਵਿੱਚ ਆਇਆ magzine ਪੜ੍ਹ ਕੇ ਬੇਮਿਸਾਲ ਸਿਖਸ਼ਾਵਾਂ ਮਿਲਦੀਆਂ ਹਨ। ਕੁਝ ਕੁ ਲੇਖ ਤਾਂ ਪੜ੍ਹ ਕੇ ਮਨੁੱਖ ਏਨਾ ਝੂਮ ਉਠਦਾ ਹੈ ਕਿ ਉਨ੍ਹਾਂ ਲੇਖਕਾਂ ਦੇ ਦਰਸ਼ਨ ਕਰਨ ਨੂੰ ਮੰਨ ਕਰਦਾ ਹੈ। ਇਹ ਆਪ ਦੀ ਵਡਿਆਈ ਹੈ ਕਿ ਉਨ੍ਹਾਂ ਗੁਰ ਸਿੱਖਾਂ ਦੇ ਵਿਚਾਰ ਅਸੀਂ magzine ਰਾਹੀਂ ਪੜ੍ਹ ਲੈਂਦੇ ਹਾਂ, ਦਰਸ਼ਨਾਂ ਦੀ ਇੱਛਾ ਵਿਚਾਰ ਪੜ੍ਹ ਕੇ ਹੀ ਪੂਰੀ ਕਰ ਲੈਂਦੇ ਹਾਂ, ਦਰਸ਼ਨ ਕਿਸੇ ਲੇਖਕ ਦੇ ਸੁਤੇ ਸਿਧ ਭਾਵੇ ਹੋ ਜਾਣ ਇਹ ਹੀ ਸਾਡੀ ਖੁਸ਼ਕਿਸਮਤੀ ਹੈ, ਵੈਸੇ ਤਾਂ possible ਨਹੀਂ। ਸਤਿਗੁਰ ਤੁਹਾਨੂੰ ਸਿਹਤ ਬਖਸ਼ੇ, ਇਹ ਵਡ-ਮੁਲੀਆਂ ਸੇਵਾਵਾਂ ਕਰਦੇ ਰਹੋ ਅਤੇ ਪਾਠਕਾਂ ਦੀ ਪ੍ਰੇਰਣਾ ਦੇ ਪਾਤਰ ਬਣੇ ਰਹੋ।

– ***ਹਰਬੰਸ ਸਿੰਘ,*** 30-ਏ, ਕ੍ਰਿਸ਼ਨਾ ਨਗਰ, ਆਲਮ ਬਾਗ, ਲਖਨਊ

★ ਆਪ ਜੀ ਨੇ ਆਪਣੇ ਮਾਸਕ ਮੈਗਜ਼ੀਨ ਦੇ ਪਾਠਕਾਂ ਚੰਦੇ ਅਤੇ ਫਰਮਾਂ ਦੇ ਇਸ਼ਤਿਹਾਰ ਛਾਪਣ ਸਬੰਧੀ ਕੁਝ ਪਾਠਕਾਂ ਦੇ ਟੀਕਾ-ਟਿੱਪਣੀ ਕਰਨ ਤੇ ਆਪਣਾ ਇਹ ਗੁਰੂ ਦੇ ਪ੍ਰਚਾਰ ਦਾ ਮਾਸਕ ਬਿਲਕੁਲ ਬੰਦ ਨਹੀਂ ਕਰਨਾ।

– ***ਸਤਨਾਮ ਸਿੰਘ,*** ਗੁਰਮਤਿ ਲਿਟਰੇਚਰ ਪ੍ਰਚਾਰ ਕੇਂਦਰ, ਪੋਸਟ ਆਫਿਸ ਰੇਅਨ ਸਿਲਕ ਮਿਲਜ਼, ਅੰਮ੍ਰਿਤਸਰ

★ 'ਅੰਮ੍ਰਿਤ ਕੀਰਤਨ' ਵਿੱਚ ਜਿਤਨੇ ਵੀ articles ਪੜ੍ਹੇ, ਪੜ੍ਹਨ ਯੋਗ ਹਨ। ਡਾਕਟਰ ਸਾਹਿਬ ਦਾ ਲੇਖ "ਪਉੜੀਆਂ" ਅਤੇ ਪੁਰਾਤਨ ਰਾਗੀ ਸਿੰਘਾਂ ਦਾ ਜੀਵਨ ਪੜ੍ਹ ਕੇ ਮਨ ਨੂੰ ਬਹੁਤ ਹੀ ਅਨੰਦ ਮਿਲਦਾ ਹੈ। ਤਬਲੇ ਵਾਲੇ ਭਾਈ ਸਾਹਿਬ ਬਹਾਦਰ ਸਿੰਘ ਜੀ ਦਾ ਜੀਵਨ ਕਿਤਨਾ ਹੀ ਉੱਚਾ ਸੁੱਚਾ ਸੀ। ਹੁਣ ਦੇ ਸਮੇਂ ਵਿੱਚ

ਮਾਇਆ ਦੇ ਪਸਾਰੇ ਨਾਲ ਇਤਨੇ ਉੱਚੇ ਜੀਵਨ ਵਾਲੇ ਬਹੁਤ ਹੀ ਘੱਟ ਹਨ। ਸਤਿਗੁਰੂ ਜੀ ਆਪਣੀ ਬਖਸ਼ਸ਼ ਕਰਦੇ ਰਹਿਣ। ਸਾਈਆਂ ਜੁਗ ਜੁਗ ਜੀਵੇ 'ਅੰਮ੍ਰਿਤ ਕੀਰਤਨ' ਜਿਹੜੇ ਕਈਆਂ ਦੇ ਮਨ ਨੂੰ ਚਾਨਣ ਦੇਂਦੇ ਹਨ। ਡਾਕਟਰ ਸਾਹਿਬ ਜੀ ਨੂੰ ਸਤਿਗੁਰੂ ਜੀ ਲੰਬੀ ਉਮਰ ਬਖਸ਼ਣ। ਕਲਮ ਵਿੱਚ ਤੇ ਹੱਥਾਂ ਵਿੱਚ ਗਲੇ ਵਿੱਚ ਤਾਕਤ ਬਖਸ਼ਦੇ ਰਹਿਣ।

– ***ਗੁਰਬਖਸ਼ ਕੌਰ ਸੂਰੀ,*** 1021, ਸੈਕਟਰ: 36-ਸੀ, ਚੰਡੀਗੜ੍ਹ

★ I am very much delighted to see the notations of shabads sung by Bhai Bakshish Singh printed in Amrit Kirtan.

If there are more notations with you, please print them in the coming months. I shall be very thankful to you for this nice work.

- ***Achhar Singh,*** e-mail: asbhullar@yahoo.com

★ Its nice to go through your inspiring articles. They are so informative, about sikhism.

- ***Amarjit Singh,*** 184, Plassy Lines, Old Bowenpally, Secunderabad 500 011

★ Many thanks for publishing my article 'Peace in Sikhism' in your magazine of February 2001. I will also send a copy to my friend Mrs. Leena Pinto, who prepared the summary at the seminar.

As you may have noticed from the write-up, at the seminar, the method of explaining 'Sikhism' was quite different. The audience was surprised and happy to know that 'wishing well for everybody (SARBAT KAA BHALA)' is an easy way to achieve inner peace.

Since you are influential, you may host an inter-religion seminar in Chandigarh also. When we hear about other religions, we become more tolerant towards others. We also understand our own religion better. In schools/colleges, we study so many subjects - and each of them help us in life. Similarly, each religion can teach us something beneficial, if we are open-minded.

I am happy that your magazine's print layout, photography and inside style has become more artistic and has further improved. Do keep it up. Continuous improvement is the aim of a 'sikh' because, a sikh is always learning and always improving, till he reaches enlightenment.

A small suggestion: Can you include your magazine title in English also on the cover page? You are aware that English is fast gaining importance in the world of computers and internet.

'NANAK NAAM CHARDI KALAA, TERE BHANE SARBAT KA BHALAA'

- ***Satnam Kaur,*** e-mail: gurbani_class@yahoo.com


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

| ਅੰਮ੍ਰਿਤ ਕੀਰਤਨ ਟ੍ਰਸਟ | ਅੰਮ੍ਰਿਤ ਵਰਖਾ |
|---|---|
| 422, ਸੈਕਟਰ 15-A, ਚੰਡੀਗੜ੍ਹ | 7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ |
| ਫੋਨ-772660 | ਫੋਨ-5742058 |

# ਪਰਉਪਕਾਰ

ਮੇਰਾ ਸੁਭਾਗ ਹੈ ਕਿ ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾਕਟਰ ਟੀ. ਆਰ. ਸ਼ਰਮਾ ਦੇ ਨੇੜੇ ਬੈਠਣ ਦੇ ਮੌਕੇ ਪ੍ਰਾਪਤ ਹੁੰਦੇ ਰਹਿੰਦੇ ਹਨ। ਮੈਂ ਆਪਣੀ ਆਦਤ ਅਨੁਸਾਰ ਉਹਨਾਂ ਪਾਸੋਂ ਜੀਵਨ ਜਾਚ ਬਾਰੇ ਪ੍ਰਸ਼ਨ ਪੁੱਛਦਾ ਰਹਿੰਦਾ ਹਾਂ। ਪਿਛਲੀ ਵਾਰ ਜਦੋਂ ਉਹਨਾਂ ਨਾਲ ਮੇਲ ਹੋਇਆ ਤਾਂ ਮੈਂ ਉਹਨਾਂ ਨੂੰ ਉਹਨਾਂ ਦੇ ਅੰਮ੍ਰਿਤ ਵੇਲੇ ਦੇ ਨਿਤਨੇਮ ਬਾਰੇ ਪੁੱਛਿਆ। ਉਹਨਾਂ ਹੋਰਨਾਂ ਗੱਲਾਂ ਤੋਂ ਇਲਾਵਾ ਇਹ ਵੀ ਦੱਸਿਆ ਕਿ ਉਹ ਅੰਮ੍ਰਿਤ ਵੇਲੇ ਆਪਣੀ ਸੋਚ ਦੇ ਘੋੜੇ ਨੂੰ ਇੱਕ ਖਾਸ ਸੇਧ ਵਿੱਚ ਦੁੜਾਉਣ ਰੂਪੀ ਸਿਮਰਨ ਕਰਦੇ ਹਨ। ਜਿਵੇਂ ਇੱਕ ਦਿਨ ਉਹਨਾਂ ਨੇ ਗੁਰੂ ਅੰਗਦ ਦੇਵ ਜੀ ਬਾਰੇ ਸੋਚਣਾ ਸ਼ੁਰੂ ਕੀਤਾ- ਉਹਨਾਂ ਦੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਪਹਿਲਾਂ ਦੀ ਜ਼ਿੰਦਗੀ, ਗੁਰੂ ਨਾਨਕ ਦੇਵ ਜੀ ਨਾਲ ਮੇਲ, ਗੁਰੂ ਨਾਨਕ ਦੇਵ ਜੀ ਸਮੇਂ ਕੀਤੀ ਸੇਵਾ, ਹੁਕਮ ਮੰਨਣਾ, ਗੁਰੂ ਪਦਵੀ ਧਾਰਨ ਕਰਨ ਉਪਰੰਤ ਉਹਨਾਂ ਦੇ ਜੀਵਨ ਵੇਰਵੇ, ਉਹਨਾਂ ਦੁਆਰਾ ਰਚੀ, ਬਾਣੀ ਗੁਰੂ ਅਮਰਦਾਸ ਜੀ ਨਾਲ ਮੇਲ ਆਦਿ ਆਦਿ! ਇਸ ਤਰ੍ਹਾਂ ਡਾਕਟਰ ਟੀ. ਆਰ. ਸ਼ਰਮਾ ਕਿਸੇ ਵੀ ਵਿਸ਼ੇ ਜਾਂ ਕਿਸੇ ਵੀ ਸੰਕਲਪ ਨੂੰ ਲੈ ਕੇ ਉਸ ਬਾਰੇ ਵਿਸਥਾਰ ਸਹਿਤ ਸੋਚਦੇ ਹਨ ਅਤੇ ਉਸ ਦੀ ਆਪਣੇ ਜੀਵਨ ਨਾਲ ਤੁਲਨਾ ਕਰਦਿਆਂ ਆਪਣੇ ਜੀਵਨ ਵਿੱਚ ਹੋਰ ਸੁਧਾਰ ਕਰਨ ਦਾ ਜਤਨ ਕਰਦੇ ਹਨ।

ਮੈਂ ਵੀ ਇੱਕ ਦਿਨ ਬੈਠਿਆਂ ਬੈਠਿਆਂ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ। ਪਹਿਲਾਂ ਮੈਂ ਕੁਝ ਹਾਂ-ਵਾਚੀ ਸ਼ਬਦ ਇਕੱਠੇ ਕਰਨ ਲੱਗਾ। ਭਾਈ ਕਾਹਨ ਸਿੰਘ ਨਾਭਾ ਦਾ ਇੱਕ ਗ੍ਰੰਥ 'ਗੁਰੁਮਤ ਪ੍ਰਭਾਕਰ' ਚੁੱਕਿਆ। ਉਸ ਵਿੱਚ ਦਿੱਤੇ ਕੁਝ ਸ਼ਬਦਾਂ ਨੂੰ ਲਿਖਿਆ:

ਉਸਤੱਤ, ਉੱਦਮ, ਉਪਕਾਰ, ਆਨੰਦ, ਅੰਮ੍ਰਿਤ, ਅਲਪਆਹਾਰ, ਆਨੰਦ ਵਿਵਾਹ, ਆਪ ਭਲੇ ਜਗ ਭਲਾ, ---। ਇਸ ਤਰ੍ਹਾਂ ਬੜੇ ਹਾਂ-ਵਾਚੀ ਸ਼ਬਦ ਹਨ। ਇਹ ਸ਼ਬਦ ਮੈਂ ਜਦੋਂ ਲਿਖਦਾ ਮੇਰੇ ਅੰਦਰ ਵੀ ਇੱਕ ਹਾਂ-ਵਾਚੀ ਲਹਿਰ ਜਿਹੀ ਦੌੜਦੀ ਜਾਪਦੀ।

ਭਾਈ ਸਾਹਿਬ ਨੇ ਪਰਉਪਕਾਰ ਬਾਰੇ ਸਮਝਾਉਣ ਲਈ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੇਠ ਲਿਖੀਆਂ ਤੁਕਾਂ ਚੁਣੀਆਂ ਹਨ:

*ਸਾਜਨ ਬੰਧੁ ਸੁਮਿਤ੍ਰੁ ਸੋ ਹਰਿ ਨਾਮ ਹਿਰਦੈ ਦੇਇ।*
*ਅਉਗੁਣ ਸਭ ਮਿਟਾਇਕੈ ਪਰ ਉਪਕਾਰ ਕਰੇਇ।* (ਗਉੜੀ ਮਹਲਾ 5)

*ਓਇ ਪੁਰਖ ਪ੍ਰਾਣੀ ਧੰਨ ਜਨ ਹਹਿ,*
*ਉਪਦੇਸ ਕਰਹਿ ਪਰਉਪਕਾਰਿਆ।* (ਵਾਰ ਗਉੜੀ 1 ਮਹਲਾ 4)

*ਜਨਮ ਮਰਣ ਦੁਹਹੂੰ ਮਹਿ ਨਾਹੀ ਜਨ ਪਰਉਪਕਾਰੀ ਆਏ।* (ਸੂਹੀ ਮਹਲਾ 5)

*ਹਰਿ ਜਨ ਊਤਮ, ਊਤਮ ਬਾਣੀ ਮੁਖ ਬੋਲਹਿ ਪਰਉਪਕਾਰੇ।* (ਗੁਜਰੀ ਮਹਲਾ 4)

*ਹਰਿ ਗੁਣ ਗਾਵਤ ਪਰਉਪਕਾਰ ਨਿਤ,*
*ਤਿਸ ਰਸਨਾ ਕਾ ਮੋਲ ਕਿਛ ਨਾਹੀ।* (ਬਿਲਾਵਲ ਮਹਲਾ 5)

ਜੇ ਕੀਰਤਨੀਏ ਅਤੇ ਸਰੋਤੇ ਇਹ ਤੁਕ ਆਪਣੇ ਹਿਰਦੇ ਵਿੱਚ ਵਸਾ ਕੇ ਕੀਰਤਨ ਕਰਨ ਤਾਂ ਕੈਸਾ ਅਨੰਦ ਆਵੇਗਾ:

*ਹਰਿ ਗੁਣ ਗਾਵਤ ਪਰਉਪਕਾਰ ਨਿਤ*
*ਤਿਸ ਰਸਨਾ ਕਾ ਮੋਲ ਨਾਹੀ।*

# ਹਰਿਮੰਦਰ ਸਾਹਿਬ ਵਿੱਚ ਗੈਰ-ਸਿੱਖ ਰਾਗੀਆਂ ਅਤੇ ਰਬਾਬੀਆਂ ਦੇ ਕੀਰਤਨ ਕਰਨ ਉੱਤੇ ਪਾਬੰਦੀ ਚਰਚਾ ਦਾ ਵਿਸ਼ਾ

**ਗਿਆਨੀ ਬਚਿੱਤਰ ਸਿੰਘ, ਐਡਵੋਕੇਟ**
ਕੋਠੀ ਨੰ: 1182, ਸੈਕਟਰ: 44-ਬੀ, ਚੰਡੀਗੜ੍ਹ

ਮੁਸਲਮਾਨ ਰਬਾਬੀਆਂ ਅਤੇ ਹਿੰਦੂ ਰਾਗੀਆਂ ਉੱਤੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਅਤੇ ਕੁਝ ਹੋਰ ਇਤਿਹਾਸਕ ਗੁਰ-ਅਸਥਾਨਾਂ ਤੇ ਕੀਰਤਨ ਕਰਨ ਉੱਤੇ ਲੱਗੀ ਹੋਈ ਪਾਬੰਦੀ ਅੱਜ ਕੱਲ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਕਮੇਟੀ ਨੇ ਸੰਨ 1962 ਵਿੱਚ ਇੱਕ ਮਤੇ ਦੁਆਰਾ ਗੈਰ-ਸਿੱਖ ਰਬਾਬੀਆਂ ਅਤੇ ਰਾਗੀਆਂ ਉੱਤੇ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਉੱਤੇ ਪਾਬੰਦੀ ਲਾ ਦਿੱਤੀ ਸੀ। ਪ੍ਰੰਤੂ ਸ਼੍ਰੋਮਣੀ ਕਮੇਟੀ ਦੇ ਪੰਜਾਹ ਸਾਲਾ ਇਤਿਹਾਸ ਕਰਤਾ ਸ਼ਮਸ਼ੇਰ ਸਿੰਘ ਅਸ਼ੋਕ ਸੰਨ 1926 ਤੋਂ ਲੈ ਕੇ 1967 ਤੱਕ, ਪ੍ਰਕਾਸ਼ਕ, ਸਿੱਖ ਇਤਿਹਾਸ ਰਿਸਰਚ ਬੋਰਡ, ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵੱਲੋਂ ਇਸ ਸਬੰਧੀ ਅਜਿਹਾ ਕੋਈ ਮਤਾ ਪਾਸ ਨਹੀਂ ਕੀਤਾ ਗਿਆ। ਜੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਨੇ ਇਸ ਸਬੰਧ 'ਚ ਮਤਾ ਪਾਸ ਕੀਤਾ ਵੀ ਹੋਵੇ ਤਦ ਅਜਿਹੇ ਨਾਜ਼ੁਕ ਅਤੇ ਅਹਿਮ ਮਸਲੇ ਬਾਰੇ ਜਨਰਲ ਹਾਊਸ ਦੀ ਪ੍ਰਵਾਨਗੀ ਲੈਣੀ ਅਤੇ ਸਮੁੱਚੇ ਸਿੱਖ ਪੰਥ ਪਾਸੋਂ ਰਾਇ ਲੈਣੀ ਬਹੁਤ ਜ਼ਰੂਰੀ ਸੀ।

ਭਾਈ ਮਰਦਾਨੇ ਨੇ ਜੋ ਜਾਤ ਦਾ ਮਰਾਸੀ ਸੀ ਪੂਰੇ 47 ਸਾਲ ਗੁਰੂ ਨਾਨਕ ਦੇਵ ਜੀ ਦਾ ਸਾਥ ਦਿੱਤਾ ਅਤੇ ਗੁਰੂ ਜੀ ਵੱਲੋਂ ਕੀਤੀਆਂ ਦੇਸ ਦਿਸਾਂਤਰਾਂ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਪੋਹ ਮਾਘ ਦੀਆਂ ਠੰਡੀਆਂ ਰਾਹਾਂ ਅਤੇ ਮਾਰੂਥਲਾਂ ਦੀਆਂ ਲੂਹ ਦੇਣ ਵਾਲੀਆਂ ਗਰਮ ਹਵਾਵਾਂ, ਸਾਂ-ਸਾਂ ਕਰਦੇ ਜੰਗਲਾਂ ਵਿੱਚ ਭੁੱਖਣ ਭਾਣਿਆਂ ਅਤੇ ਭੈ-ਭੀਤ ਕਰਨ ਵਾਲੇ ਪਹਾੜਾਂ ਵਿੱਚੋਂ ਵੀ ਲੰਘਦਿਆਂ ਬਾਬੇ ਨਾਨਕ ਦੀ ਸੇਵਾ ਕੀਤੀ। ਜਦੋਂ ਗੁਰੂ ਨਾਨਕ ਨੇ ਹੁਕਮ ਦੇਣਾ 'ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ' ਤਾਂ ਮਰਦਾਨੇ ਨੇ ਰਬਾਬ ਦੀਆਂ ਕੋਮਲ ਤੰਦਾਂ ਉੱਤੇ ਉਂਗਲਾਂ ਰੱਖਣੀਆਂ ਅਤੇ ਤਦ ਗੁਰੂ ਨਾਨਕ ਦੀ ਲਿਵ ਅਕਾਲ-ਪੁਰਖ ਨਾਲ ਜੁੜ ਜਾਣੀ ਅਤੇ 'ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ ਮਿਟਾਈ॥' ਨਾਜ਼ਲ ਹੋਣ ਲੱਗਣੀ। ਗੁਰੂ ਨਾਨਕ ਦੀ ਕਦੇ ਵੀ ਹੁਕਮ ਅਦੂਲੀ ਨਾ ਕੀਤੀ, ਹਮੇਸ਼ਾਂ ਸੱਚ, ਸੰਤੋਖ, ਗਰੀਬੀ ਅਤੇ ਅਕਾਲ ਪੁਰਖ ਦੇ ਨਾਮ ਵਿੱਚ ਮਗਨ ਰਹਿਣਾ ਪਸੰਦ ਕੀਤਾ ਅਤੇ ਇੱਕ ਸੱਚਾ ਸਿੱਖ ਬਣਨ ਅਤੇ ਅਖਵਾਉਣ ਦਾ ਮਾਨ ਪ੍ਰਾਪਤ ਕੀਤਾ। ਇਸੇ ਕਰਕੇ ਭਾਈ ਮਰਦਾਨੇ ਦੇ ਉਚਾਰੇ ਹੋਏ ਤਿੰਨ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੇ।

ਭਾਈ ਮਰਦਾਨੇ ਨੇ ਆਪਣੇ ਆਖਰੀ ਸੁਆਸ ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਸਮੇਂ ਖੁਰਮ ਸਾਹਿਬ ਨੇੜੇ ਰਸਤੇ ਵਿੱਚ ਹੀ ਛੱਡੇ ਅਤੇ ਗੁਰੂ ਨਾਨਕ ਨੇ ਮਰਦਾਨੇ ਦਾ ਸਿਰ ਆਪਣੀ ਗੋਦ ਵਿੱਚ ਰੱਖਦੇ ਹੋਏ ਕਿਹਾ 'ਮਰਦਾਨਿਆਂ ਮੰਗ ਜੋ ਤੇਰੀ ਅੰਤਿਮ ਇੱਛਾ ਹੈ' ਭਾਈ ਮਰਦਾਨੇ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਨੇ ਮੁਸਲਮਾਨੀ ਰਵਾਇਤ ਅਨੁਸਾਰ ਕਬਰ ਵਿੱਚ ਦਫਨਾ ਕੇ ਕੀਤਾ। ਉਪਰੰਤ ਜਦ ਗੁਰੂ ਨਾਨਕ ਦੇਵ ਜੀ ਤਲਵੰਡੀ ਪੁੱਜੇ ਤਦ ਘਰਦਿਆਂ ਦੇ ਪੁੱਛਣ ਪਰ ਆਖਿਆ ਕਿ ਭਾਈ ਮਰਦਾਨਾ ਤਾਂ ਆਪਣੇ ਘਰ ਚਲਿਆ ਗਿਆ ਹੈ ਅਤੇ ਭਾਈ ਫੇਰੂ ਵਾਲੀ ਇਹ ਰਬਾਬ ਛੱਡ ਗਿਆ ਹੈ। ਬਾਬੇ ਨਾਨਕ ਨੇ ਮਰਦਾਨੇ ਦੇ ਸਪੁੱਤਰ ਸ਼ਾਹਜ਼ਾਦ ਨੂੰ ਰਬਾਬ ਫੜਾਉਂਦੇ ਹੋਏ ਕਿਹਾ ਕਿ ਆਪਣੇ ਅੱਬਾ ਵਾਂਗ ਤੂੰ ਵੀ ਉਸੇ ਤਰ੍ਹਾਂ ਅਕਾਲ ਪੁਰਖ ਦੇ ਗੁਣ ਗਾ। ਸ਼ਾਹਜ਼ਾਦ ਨੇ ਬਾਬੇ ਨਾਨਕ ਦਾ ਹੁਕਮ ਮੰਨ ਕੇ ਕਰਤਾਰਪੁਰ ਵਿਖੇ ਪੱਕਾ ਟਿਕਾਣਾ ਬਣਾ ਲਿਆ ਅਤੇ ਇਲਾਹੀ ਬਾਣੀ ਦਾ ਕੀਰਤਨ ਕਰਦਿਆਂ 14-15 ਸਾਲ ਸਾਧ-ਸੰਗਤ ਦੀ ਸੇਵਾ ਵਿੱਚ ਗੁਜ਼ਾਰੇ। ਇਸ ਤਰ੍ਹਾਂ ਭਾਈ ਮਰਦਾਨਾ ਅਤੇ ਉਸਦੇ ਪੁੱਤਰ ਸ਼ਾਹਜ਼ਾਦ ਨੇ 62 ਸਾਲ ਤੱਕ ਗੁਰੂ ਨਾਨਕ ਨਾਲ ਮਿਲ ਕੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਅਤੇ ਬਾਬੇ ਦੀਆਂ ਖ਼ੁਸ਼ੀਆਂ ਤੇ ਬਖਸ਼ਿਸ਼ਾਂ ਦਾ ਆਨੰਦ ਮਾਣਿਆ।

ਇਸ ਤੋਂ ਪਿੱਛੋਂ ਭਾਈ ਮਰਦਾਨੇ ਦੇ ਰਬਾਬੀ ਵੰਸ਼ ਨੇ ਗੁਰੂ ਅੰਗਦ ਸਾਹਿਬ ਅਤੇ ਗੁਰੂ ਅਮਰਦਾਸ ਸਮੇਂ ਭਾਈ ਬਾਦੂ ਅਤੇ ਭਾਈ ਸਾਦੂ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੇ ਸਮਿਆਂ ਦੌਰਾਨ ਭਾਈ ਸੱਤਾ ਅਤੇ ਭਾਈ ਬਲਵੰਡ, ਗੁਰੂ ਹਰਿਗੋਬਿੰਦ ਸਾਹਿਬ ਵੇਲੇ ਭਾਈ ਬਾਬਕ, ਭਾਈ ਅਬਦੁੱਲਾ ਅਤੇ ਭਾਈ ਨੱਥਾ ਮੱਲ ਗੁਰਬਾਣੀ ਦਾ ਕੀਰਤਨ ਕਰਕੇ ਗੁਰੂ ਘਰ ਦੀ ਸੇਵਾ ਕੀਤੀ। ਸੰਨ 1947 ਤੱਕ ਭਾਈ ਚਾਂਦ, ਭਾਈ ਲਾਲ, ਭਾਈ ਸਾਂਈ ਦਿੱਤਾ, ਭਾਈ ਦੇਸਾ, ਭਾਈ ਗੁਲਾਬ, ਭਾਈ ਮੋਤੀ ਅਤੇ ਭਾਈ ਤਾਬਾ ਨੇ ਹਰਿਮੰਦਰ ਸਾਹਿਬ ਅਤੇ ਹੋਰ ਗੁਰ-ਅਸਥਾਨਾਂ ਦੇ ਸ਼ਬਦ ਕੀਰਤਨ ਕਰਕੇ ਧੁਰ ਕੀ ਬਾਣੀ ਦੀ ਛਹਿਬਰ ਲਾਈ ਰੱਖੀ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਭਾਈ ਚਾਂਦ ਅਤੇ ਭਾਈ ਲਾਲ ਦਾ ਜਥਾ ਜਦੋਂ ਆਸਾ ਦੀ ਵਾਰ ਦਾ ਕੀਰਤਨ ਕਰਦਾ ਅਤੇ ਸ਼ਾਮ ਚੌਂਕੀ ਭਰਦਾ ਤਦ ਸਾਰੀ ਪਰਿਕਰਮਾਂ ਸੰਗਤ ਨਾਲ ਭਰ ਜਾਂਦੀ ਹੈ। ਕੀ ਹਿੰਦੂ, ਕੀ ਸਿੱਖ ਅਤੇ ਕੀ ਮੁਸਲਮਾਨ ਹਾਜ਼ਰ ਹੋ ਕੇ ਕੀਰਤਨ ਦਾ ਆਨੰਦ ਮਾਣਦੇ। ਖਾਲਸਾ ਕਾਲਜ਼ ਅੰਮ੍ਰਿਤਸਰ ਦੇ ਗੁਰਦੁਆਰਾ ਸਾਹਿਬ ਵਿੱਚ ਜਦੋਂ ਭਾਈ ਚਾਂਦ ਦਾ ਕੀਰਤਨ ਹੁੰਦਾ ਤਦ ਹਰ ਵਿਦਿਆਰਥੀ ਭਾਂਵੇ ਨਾਸਤਕ ਵੀ ਹੋਵੇ ਕੀਰਤਨ ਸੁਣ ਕੇ ਨਿਹਾਲੋ-ਨਿਹਾਲ ਹੋ ਜਾਂਦਾ ਅਤੇ ਵਿਦਿਆਰਥੀ ਭਾਈ ਚਾਂਦ ਵੱਲੋਂ ਗੁਰਬਾਣੀ ਦੀਆਂ ਗਾਈਆਂ ਹੋਈਆਂ ਇਹ ਤੁੱਕਾਂ :

*ਲੋੜੇ ਦਾਖ ਬਜੌਰੀਆਂ ਕਿਕਰ ਬੀਜੇ ਜਟ,*
*ਹੰਢੇ ਉਨ ਕਤਾਉਂਦਾ ਪੈਧਾ ਲੋੜੇ ਪਟ॥*

ਕਲਾਸਾਂ ਵਿੱਚ ਗੁਣ-ਗੁਣਾਉਂਦੇ ਰਹਿੰਦੇ।

ਦੇਸ ਦੀ ਵੰਡ ਸਮੇਂ ਇੱਕ ਅਜਿਹਾ ਭਿਆਨਕ ਸਮਾਂ ਆਇਆ ਜਦ ਭਾਈ ਚਾਂਦ ਅਤੇ ਭਾਈ ਲਾਲ ਆਪਣੇ ਪਰਿਵਾਰਾਂ ਸਮੇਂ ਅੰਮ੍ਰਿਤਸਰ ਨੂੰ ਅਲਵਿਦਾ ਕਹਿ ਕੇ ਲਾਹੌਰ ਜਾ ਵਸੇ। ਇਹ ਉਨ੍ਹਾਂ ਦੀ ਮਜ਼ਬੂਰੀ ਸੀ ਕਿਉਂਕਿ 1947 ਦੀ ਕਟਾ-ਵੱਢੀ ਸਮੇਂ ਨਾ ਹੀ ਹਿੰਦੂ ਸਿੱਖ ਇਧਰਲੇ ਪੰਜਾਬ ਵਿੱਚ ਮੁਸਲਮਾਨਾਂ ਨੂੰ ਬਖ਼ਸ਼ਦੇ ਸਨ ਅਤੇ ਨਾ ਹੀ ਪਾਕਿਸਤਾਨੀ ਪੰਜਾਬ ਵਿੱਚ ਮੁਸਲਮਾਨ ਹਿੰਦੂ ਅਤੇ ਸਿੱਖਾਂ ਨੂੰ। ਭਾਵੇਂ ਦੋਵੇਂ ਪਾਸੇ ਨੇਕ ਹਿੰਦੂਆਂ ਅਤੇ ਸਿੱਖਾਂ ਨੂੰ ਮੁਸਲਮਾਨਾਂ ਨੇ ਮੁਸਲਮਾਨਾਂ ਨੂੰ ਹਿੰਦੂ ਸਿੱਖਾਂ ਨੇ ਬਚਾਇਆ ਵੀ। ਰਿਆਸਤ ਮਲੇਰਕੋਟਲੇ ਦੀ ਹਾਲਤ ਵੱਖਰੀ ਸੀ ਕਿਉਂਕਿ ਮਲੇਰਕੋਟਲੇ ਦੇ ਨਵਾਬ ਸ਼ੇਰ ਖਾਂ ਵੱਲੋਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਸ਼ਹੀਦ ਕਰਨ ਸਮੇਂ ਹਾਅ ਦਾ ਨਾਅਰਾ ਮਾਰਨ ਕਰਕੇ ਗੁਰੂ ਸਾਹਿਬ ਵੱਲੋਂ ਦਿੱਤੇ ਵਰ ਕਾਰਨ ਜੋ ਵੀ ਮੁਸਲਮਾਨ ਰਿਆਸਤ ਪਟਿਆਲਾ, ਨਾਭਾ, ਜੀਂਦ ਆਦਿ ਦੀਆਂ ਹੱਦਾਂ ਟੱਪ ਕੇ ਮਲੇਰਕੋਟਲਾ ਰਿਆਸਤ ਦੀ ਜ਼ਮੀਨ ਵਿੱਚ ਦਾਖਲ ਹੋ ਗਿਆ ਉਸ ਨੂੰ ਫਿਰ ਤੱਤੀ ਵਾਅ ਨਾ ਲੱਗੀ। ਕਹਿੰਦੇ ਹਨ ਕਿ ਭਾਈ ਚਾਂਦ ਨੇ ਆਪਣੇ ਜੀਵਨ ਦੇ ਅੰਤਲੇ ਦਿਨ ਬੜੀ ਮੁਸ਼ਕਲ ਵਿੱਚ ਗੁਜ਼ਾਰੇ ਅਤੇ ਰੋਜ਼ੀ ਰੋਟੀ ਕਮਾਉਣ ਲਈ ਲਾਹੌਰ ਵਿੱਚ ਗੰਡੇਰੀਆਂ ਦੀ ਰੇਹੜੀ ਵੀ ਲਗਾਉਣੀ ਪਈ। ਸਹਾਇਤਾ ਲਈ ਜਦ ਉਹ ਉੱਥੋਂ ਦੇ ਮੁੱਖ ਮੰਤਰੀ ਪਾਸ ਪਹੁੰਚੇ ਤਦ ਉਨ੍ਹਾਂ ਜਵਾਬ ਦਿੰਦਿਆਂ ਕਿਹਾ ਕਿ ਹੁਣ ਤੱਕ ਸਿੱਖਾਂ ਦੀ ਸੇਵਾ ਕਰਦੇ ਰਹੇ ਹੋ ਅੱਜ ਮੁਸਲਮਾਨ ਹਾਕਮਾਂ ਪਾਸੋਂ ਕਿਸ ਮੂੰਹ ਨਾਲ ਸਹਾਇਤਾ ਮੰਗਦੇ ਹੋ। ਭਾਈ ਚਾਂਦ ਦੇ ਪਰਿਵਾਰ ਵਿੱਚੋਂ ਭਾਈ ਪਾਲਾ ਸਿੰਘ ਉਨ੍ਹਾਂ ਦੀ ਸੁਪਤਨੀ ਅਤੇ ਉਨ੍ਹਾਂ ਦੇ ਚਾਚਾ ਜੀ ਜੋ ਮਸਤਾਨਾ ਕਰਕੇ ਮਸ਼ਹੂਰ ਸਨ ਸਿੰਘ ਸੱਜ ਗਏ ਸਨ। ਜਿਨ੍ਹਾਂ ਆਪਣੀ ਰਿਹਾਇਸ਼ ਸੰਗਰੂਰ ਵਿੱਚ ਹੀ ਰੱਖੀ ਅਤੇ ਸਾਰੇ ਦੇਸ ਵਿੱਚ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਭਾਈ ਪਾਲਾ ਸਿੰਘ ਜਦੋਂ ਗੁਰਬਾਣੀ ਦਾ ਕੀਰਤਨ ਕਰਦੇ ਸਨ ਤਦ ਇੰਝ ਲਗਦਾ ਸੀ ਕਿ ਜਿਵੇਂ ਉਨ੍ਹਾਂ ਦੇ ਮੁਖਾਰ ਬਿੰਦ 'ਚੋਂ ਫੁੱਲ ਕਿਰਦੇ ਹੋਣ।

ਭਾਈ ਮਰਦਾਨਾ ਦੇ ਵੰਸ਼ 'ਚੋਂ ਭਾਈ ਲਾਲ ਜੀ ਆਪਣੇ ਨਿਵਾਸ ਅਸਥਾਨ ਲਾਹੌਰ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਬਕਾਇਦਾ ਪ੍ਰਕਾਸ਼ ਕਰਦੇ ਅਤੇ ਗੁਰਬਾਣੀ ਦਾ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਦੇ ਹਨ। ਅੱਜ ਤੱਕ ਕੀਰਤਨ ਦਰਬਾਰਾਂ ਵਿੱਚ 11 ਕੌਮਾਂਤਰੀ ਸਨਮਾਨ ਚਿੰਨ੍ਹ ਪ੍ਰਾਪਤ ਕਰ ਚੁੱਕੇ ਹਨ। ਅਨੰਦਪੁਰ ਸਾਹਿਬ ਵਿਖੇ 1999 ਈ. ਵਿੱਚ ਖਾਲਸੇ ਦੇ 300 ਸਾਲਾ ਸਾਜਨਾ ਦਿਵਸ ਦੇ ਮੌਕੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ ਪਰ ਆਪ ਦੇ ਜੱਥੇ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਵਿੱਚ ਬਹੁਤ ਵਾਹ-ਵਾਹ ਖੱਟੀ। ਆਪ ਦੇ ਜਥੇ ਵਿੱਚ ਉਨ੍ਹਾਂ ਦੇ ਵੱਡੇ ਭਰਾ ਭਾਈ ਅਰਸ਼ਾਦ ਅਹਿਮਦ ਅਤੇ ਦੋ ਪੁੱਤਰ ਭਾਈ ਕਰਮ ਹੁਸੈਨ ਅਤੇ ਭਾਈ ਮੁਹੰਮਦ ਹੁਸੈਨ ਸ਼ਾਮਲ ਸਨ। ਇਸ ਮੌਕੇ ਤੇ ਉਨ੍ਹਾਂ ਇੱਕ ਇਹ ਅਹਿਮ ਪ੍ਰਗਟਾਵਾ ਕੀਤਾ ਕਿ ਸੰਨ 1699 ਈ.

ਵਿੱਚ ਖਾਲਸਾ ਦੇ ਸਾਜਨ ਦੇ ਮੌਕੇ ਤੇ ਆਸਾ ਕੀ ਵਾਰ ਦਾ ਕੀਰਤਨ ਉਨ੍ਹਾਂ ਦੇ ਵੱਡੇ ਰਬਾਬੀਆਂ ਨੇ ਹੀ ਕੀਤਾ ਸੀ। ਪ੍ਰੰਤੂ 1962 ਈ. ਵਿੱਚ ਜਦੋਂ ਉਨ੍ਹਾਂ ਨੂੰ ਗੈਰ-ਸਿੱਖ ਕਰਾਰ ਦੇ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਉੱਤੇ ਰੋਕ ਲਗਾ ਦਿੱਤੀ ਗਈ ਤਦ ਉਨ੍ਹਾਂ ਦੇ ਹਿਰਦੇ ਨੂੰ ਬਹਤੁ ਠੇਸ ਪੁੱਜੀ। ਇਹ ਗੱਲ ਇੱਥੇ ਵਰਨਣ ਯੋਗ ਹੈ ਕਿ ਬੀਤੇ ਕਈ ਸਾਲਾਂ ਤੋਂ ਫਿਰੋਜ਼ਪੁਰ ਵਿਖੇ ਭਾਈ ਮਰਦਾਨਾਂ ਦੀ ਯਾਦ ਵਿੱਚ ਕੀਤੇ ਜਾਂਦੇ ਕੀਰਤਨ ਦਰਬਾਰਾਂ ਵਿੱਚ ਭਾਈ ਲਾਲ ਦਾ ਜਥਾ ਹਰ ਸਾਲ ਹਾਜ਼ਰੀ ਭਰਦਾ ਹੈ ਅਤੇ ਹੋਰ ਗੁਰ ਅਸਥਾਨਾਂ ਉੱਤੇ ਵੀ ਗੁਰਬਾਣੀ ਦੀ ਕੀਰਤਨ ਦੀ ਛਹਿਬਰ ਲਗਾਉਂਦਾ ਹੈ। ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਹਰਿਮੰਦਰ, ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਮੁਸਲਮਾਨ ਫਕੀਰ ਮੀਆਂ ਮੀਰ ਤੋਂ ਰੱਖਵਾ ਕੇ ਇਹ ਸਾਬਤ ਕਰ ਦਿੱਤਾ ਕਿ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਮੁਸਲਮਾਨ ਅਤੇ ਹਿੰਦੂ ਸ਼ਰਧਾਲੂ ਇੱਕੋ ਜਿਹੇ ਹਨ। ਭਾਈ ਨੰਦ ਲਾਲ ਗੋਇਆ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿੱਚੋਂ ਸਿਰਮੌਰ ਸਨ। ਪ੍ਰੰਤੂ ਗੁਰੂ ਜੀ ਨੇ ਉਨ੍ਹਾਂ ਨੂੰ ਸਿੰਘ ਸਜਣ ਲਈ ਕਦੇ ਨਾ ਪ੍ਰੇਰਿਆ ਅਤੇ ਨਾ ਹੀ ਮਜਬੂਰ ਕੀਤਾ। ਪੀਰ ਬੁੱਧੂ ਸ਼ਾਹ 10ਵੇਂ ਪਾਤਸ਼ਾਹ ਦੇ ਅਨਿਨ ਸ਼ਰਧਾਲੂ ਸਨ ਉਨ੍ਹਾਂ ਨੇ ਔਖੇ ਸਮੇਂ ਗੁਰੂ ਸਾਹਿਬ ਜੀ ਦਾ ਪੂਰਾ ਸਾਥ ਦਿੱਤਾ ਅਤੇ ਆਪਣੇ ਚਾਰ ਲੜਕੇ ਵੀ ਸ਼ਹੀਦ ਕਰਵਾਏ ਪ੍ਰੰਤੂ ਉਹ ਇਸਲਾਮ ਮੱਤ ਵਿੱਚ ਹੀ ਵਿਚਰਦੇ ਰਹੇ। ਗੁਰੂ ਘਰ ਦੀ ਇਹੀ ਵਡੱਤਣ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਮੁਸਲਮਾਨ ਭਗਤਾਂ ਭਗਤ ਕਬੀਰ, ਭਗਤ ਫਰੀਦ, ਭਗਤ ਸਧਨਾਂ ਅਤੇ ਭੱਟਾਂ ਵਿੱਚੋਂ ਸੱਤਾ ਅਤੇ ਬਲਵੰਡ ਦੀ ਬਾਣੀ ਅੰਕਿਤ ਕੀਤੀ।

ਭਾਈ ਮਰਦਾਨੇ ਨੂੰ ਗੁਰੂ ਨਾਨਕ ਤੋਂ ਵੱਖ ਹੋ ਕੇ ਨਹੀਂ ਦੇਖਿਆ ਜਾ ਸਕਦਾ। ਭਾਈ ਗੁਰਦਾਸ ਜੀ ਵੱਲੋਂ ਉਚਾਰੀ ਵਾਰ ਅਨੁਸਾਰ "ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।" ਗੁਰੂ ਨਾਨਕ ਦਾ ਅਨਿੱਖੜਵਾਂ ਅੰਗ ਹੈ। ਜਦੋਂ ਤੱਕ ਚੰਨ ਸੂਰਜ ਅਤੇ ਸ਼੍ਰਿਸ਼ਟੀ ਕਾਇਮ ਹੈ ਗੁਰੂ ਨਾਨਕ ਅਤੇ ਮਰਦਾਨਾ, ਦੋਵੇਂ ਪਹਾੜਾਂ, ਜੰਗਲਾਂ, ਬੀਆਬਾਨਾਂ ਅਤੇ ਰੇਗਸਤਾਨਾਂ ਵਿੱਚ ਇਕੱਠਿਆਂ ਵਿਚਰਦੇ ਗੁਰਬਾਣੀ ਕੀਰਤਨ ਦੀ ਛਹਿਬਰ ਲਗਾਉਂਦੇ ਨਜ਼ਰੀ ਪੈਂਦੇ ਰਹਿਣਗੇ। ਭਾਈ ਮਰਦਾਨਾ ਗੁਰੂ ਬਾਬੇ ਦੀ ਬਾਣੀ ਦਾ ਪਹਿਲਾ ਸਰੋਤਾ, ਪਹਿਲਾ ਗਾਇਕ ਅਤੇ ਪਹਿਲਾ ਰਬਾਬੀ ਬਣਿਆ। ਪਾਕਿਸਤਾਨ ਦੇ ਕਈ ਵਿਦਵਾਨਾਂ ਨੇ ਸਾਡੇ ਸਿੱਖ ਕਲਾਕਾਰਾਂ ਵੱਲੋਂ ਗੁਰੂ ਨਾਨਕ ਦੀ ਇਕੱਲਿਆਂ ਫੋਟੋ ਬਣਾਉਣ ਤੇ ਸਖਤ ਇਤਰਾਜ਼ ਕਰਦੇ ਹੋਏ ਕਿਹਾ ਕਿ ਗੁਰੂ ਨਾਨਕ ਨੂੰ ਭਾਈ ਬਾਲੇ ਅਤੇ ਭਾਈ ਮਰਦਾਨੇ ਤੋਂ ਵੱਖ ਕਰ ਦਿੱਤਾ ਗਿਆ ਹੈ। ਮੁੱਢ ਵਿੱਚ ਛਪੀ ਪੁਰਾਣੀ ਫੋਟੋ ਗੁਰੂ ਨਾਨਕ, ਭਾਈ ਬਾਲਾ ਅਤੇ ਭਾਈ ਮਰਦਾਨੇ ਦੀ ਤਿੰਨਾਂ ਦੀ ਹੈ। ਉਨ੍ਹਾਂ ਦਾ ਇਹ ਇਤਰਾਜ਼ ਬਿਲਕੁਲ ਦਰੁਸਤ ਹੈ ਕਿਉਂਕਿ ਗੁਰੂ ਨਾਨਕ ਨੂੰ ਭਾਈ ਮਰਦਾਨੇ ਅਤੇ ਭਾਈ ਬਾਲੇ ਤੋਂ ਵੱਖ ਹੋ ਕੇ ਨਹੀਂ ਦੇਖਿਆ ਜਾ ਸਕਦਾ।

ਹਰਿਮੰਦਰ ਸਾਹਿਬ ਵਿੱਚ ਦਾਦਾ ਚੇਲਾ ਰਾਮ ਵੀ ਕੀਰਤਨ ਕਰਦੇ ਰਹੇ ਹਨ। ਉਪਰੰਤ ਉਨ੍ਹਾਂ ਦੇ ਲੜਕੇ ਭਾਈ ਲਛਮਣ ਚੇਲਾ ਰਾਮ ਵਲੋਂ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਬਾਰੇ ਕਦੇ ਨਹੀਂ ਸੁਣਿਆ ਪ੍ਰੰਤੂ ਉਹ ਗੁਰਦੁਆਰਾ ਬੰਗਲਾ ਸਾਹਿਬ ਅਤੇ ਹੋਰ ਗੁਰ-ਅਸਥਾਨਾਂ ਤੇ ਕੀਰਤਨ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 885 ਤੇ ਅੰਕਤ ਸ਼ਬਦ:

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥*
*ਕੋਈ ਸੇਵੈ ਗੁਸਈਆਂ ਕੋਈ ਅਲਾਹਿ॥*

ਸਾਨੂੰ ਕੀ ਉਪਦੇਸ਼ ਦਿੰਦਾ ਹੈ? ਗੁਰਬਾਣੀ ਸਰਬ-ਸਾਂਝੀ ਹੈ। ਅਸੀਂ ਕਹਿ ਰਹੇ ਹਾਂ ਸਿੱਖ ਮੱਤ ਸੰਸਾਰ ਦੇ ਭਵਿੱਖ ਦਾ ਮੱਤ ਹੈ। ਸਿੱਖੀ ਨੂੰ ਫੈਲਾਉਣ ਉੱਤੇ ਅਜਿਹੀਆਂ ਪਾਬੰਦੀਆਂ ਨੁਕਸਾਨ ਦੇਹ ਸਾਬਤ ਹੋਣਗੀਆਂ। ਇਸ ਤਰ੍ਹਾਂ ਸੰਸਾਰ ਵਿੱਚ ਸਿੱਖੀ ਕਿਸ ਤਰ੍ਹਾਂ ਫੈਲੇਗੀ ਅਤੇ ਸਿੱਖ ਮੱਤ ਸੰਸਾਰ ਦੇ ਭਵਿੱਖ ਦਾ ਮੱਤ ਕਿਵੇਂ ਬਣੇਗਾ? ਹਰਿਮੰਦਰ ਸਾਹਿਬ ਤੋਂ ਟੈਲੀਵਿਜ਼ਨ ਜਲੰਧਰ ਰੇਡੀਓ ਰਾਹੀਂ ਕੀਰਤਨ ਸਮੁੱਚੇ ਸੰਸਾਰ ਵਿੱਚ ਸੁਣਿਆ ਜਾਂਦਾ ਹੈ ਨਾਲ ਹੀ ਸਰੋਤੇ ਹਰਿਮੰਦਰ ਸਾਹਿਬ, ਕੀਰਤਨ ਕਰਦੇ ਰਾਗੀਆਂ ਅਤੇ ਸੰਗਤ ਦੇ ਵੀ ਦਰਸ਼ਨ ਕਰਦੇ ਹਨ। ਸਿੱਖ ਰਾਗੀਆਂ ਤੋਂ ਇਲਾਵਾ ਜੇ ਮੁਸਲਮਾਨ ਰਬਾਬੀ ਅਤੇ ਹਿੰਦੂ ਕੀਰਤਨੀਏ ਗੁਰਬਾਣੀ ਦਾ ਕੀਰਤਨ ਕਰਨ ਤਦ ਸੰਸਾਰ ਦੇ ਲੋਕਾਂ ਵਿੱਚ ਇਹ ਸੰਦੇਸ਼ ਜਾਵੇਗਾ ਕਿ ਇਸ ਧਰਤੀ ਉੱਤੇ ਹਰਿਮੰਦਰ ਸਾਹਿਬ ਇੱਕੋ ਇੱਕ ਪਵਿੱਤਰ ਅਸਥਾਨ ਹੈ ਜਿੱਥੇ ਸਿੱਖ, ਮੁਸਲਮਾਨ ਅਤੇ ਹਿੰਦੂ ਕੀਰਤਨੀਏ ਗੁਰਬਾਣੀ ਦਾ ਇਕੱਠਿਆਂ ਕੀਰਤਨ ਕਰ ਸਕਦੇ ਹਨ। ਸਿੱਖਾਂ ਵਿੱਚ

ਇਹ ਭੁਲੇਖਾ ਪੈਦਾ ਕੀਤਾ ਜਾ ਰਿਹਾ ਹੈ ਕਿ ਟੈਲੀਵਿਜ਼ਨ ਉੱਤੇ ਹਰਿਮੰਦਰ ਸਾਹਿਬ ਤੋਂ ਗੈਰ-ਸਿੱਖ ਮੁਸਲਮਾਨ ਰਬਾਬੀਆਂ ਅਤੇ ਹਿੰਦੂ ਰਾਗੀਆਂ ਦੇ ਕੀਰਤਨ ਕਰਨ ਨਾਲ ਸਿੱਖਾਂ ਵਿੱਚ ਇਹ ਪ੍ਰਭਾਵ ਜਾਵੇਗਾ ਕਿ ਕੇਸ ਦਾੜ੍ਹੀ ਰੱਖਣੇ ਜ਼ਰੂਰੀ ਨਹੀਂ। ਜੇ ਇਸ ਪ੍ਰਭਾਵ ਨੂੰ ਠੀਕ ਮੰਨ ਲਈਏ ਤਦ ਕੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ਮੁਸਲਮਾਨ ਭਗਤ ਕਬੀਰ, ਫਰੀਦ, ਸਧਨਾਂ ਅਤੇ ਹਿੰਦੂ ਭਗਤ ਨਾਮਦੇਵ, ਤ੍ਰਿਲੋਚਨ ਤੇ ਪੀਪਾ ਅਤੇ ਭਗਤ ਰਵੀਦਾਸ ਵਰਗੇ ਗੈਰ ਸਿੱਖ ਭਗਤਾਂ ਦੀ ਬਾਣੀ ਤੋਂ ਸਿੱਖ ਇਸੇ ਕਿਸਮ ਦਾ ਪ੍ਰਭਾਵ ਲੈਣਗੇ? ਅਜਿਹੀ ਸੋਚਣੀ ਬਿਲਕੁਲ ਗਲਤ ਹੈ। ਅਨੰਦਪੁਰ ਸਾਹਿਬ ਵਿੱਚ ਸੰਨ 1999 ਈ. ਵਿੱਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਸਮਾਰੋਹਾਂ ਸਮੇਂ ਸਰਬ-ਧਰਮ ਸੰਮੇਲਨ ਹੋਇਆ। ਜਿੱਥੇ ਸਭ ਮਤ ਮਤਾਂਤਰਾਂ ਦੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਭ ਮੱਤਾਂ ਦੇ ਮੁੱਖੀ ਇੱਕੋ ਸਟੇਜ਼ ਤੇ ਬੈਠੇ ਸਨ। ਇਹ ਦ੍ਰਿਸ਼ ਟੈਲੀਵਿਜ਼ਨ ਰਾਹੀਂ ਸਾਰੇ ਸੰਸਾਰ ਵਿੱਚ ਦਿਖਾਇਆ ਗਿਆ। ਕੀ ਇਸਦਾ ਵੀ ਸਾਡੇ ਸਿੱਖ ਨੌਜਵਾਨਾਂ ਉੱਤੇ ਉਲਟਾ ਅਸਰ ਪਿਆ? ਕਦਾਚਿਤ ਨਹੀਂ। ਇਹ ਸੰਭਵ ਹੈ ਕਿ ਹਰਿਮੰਦਰ ਸਾਹਿਬ ਵਿੱਚ ਮੁਸਲਮਾਨ ਰਬਾਬੀਆਂ ਅਤੇ ਹਿੰਦੂ ਕੀਰਤਨੀਆਂ ਵੱਲੋਂ ਮੁੜ ਗੁਰਬਾਣੀ ਗਾਇਨ ਕਰਨ ਦੀ ਖੁੱਲ੍ਹ ਮਿਲ ਜਾਣ 'ਤੇ ਕਈ ਸਿੱਖ ਕੀਰਤਨੀ ਜਥਿਆਂ ਵਲੋਂ ਵਿਰੋਧਤਾ ਕੀਤੀ ਜਾਵੇ। ਕਿਸੇ ਹੱਦ ਤੱਕ ਇਹ ਮੰਨਣਾ ਪਵੇਗਾ ਕਿ ਮੁਸਲਮਾਨ ਰਬਾਬੀਆਂ ਦਾ ਕੀਰਤਨ ਬਹੁਤ ਹੀ ਕਸ਼ਿਸ਼ ਭਰਪੂਰ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਰਾਗ ਦਾ ਜਮਾਂਦਰੂ ਗਿਆਨ ਹੈ। ਪ੍ਰੰਤੂ ਕਈ ਸਿੱਖ ਰਾਗੀ ਜੱਥੇ ਵੀ ਉਨ੍ਹਾਂ ਤੋਂ ਘੱਟ ਨਹੀਂ। ਮੁਕਾਬਲੇ ਵਿੱਚ ਆਉਣ ਪਰ ਗੁਰਬਾਣੀ ਦੇ ਕੀਰਤਨ ਦੀ ਪੱਧਰ ਹੋਰ ਉੱਚੀ ਹੋਵੇਗੀ। ਬੜੀ ਨਾਮੋਸ਼ੀ ਹੁੰਦੀ ਹੈ ਜਦੋਂ ਹਰਿਮੰਦਰ ਸਾਹਿਬ ਵਿੱਚ ਕੋਈ ਰਾਗੀ ਜਥਾ ਉਸ ਪੱਧਰ ਦਾ ਕੀਰਤਨ ਨਹੀਂ ਕਰ ਰਿਹਾ ਹੁੰਦਾ ਹੈ ਜਿਸ ਪੱਧਰ ਦਾ ਕਿ ਹਰਿਮੰਦਰ ਸਾਹਿਬ ਤੋਂ ਕੀਰਤਨ ਹੋਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੂੰ ਵਾਰ-ਵਾਰ ਪੱਤਰ ਲਿਖਣ ਦੇ ਬਾਵਜੂਦ ਸੁਧਾਰ ਨਹੀਂ ਹੋ ਸਕਿਆ। ਕਿਉਂਕਿ ਕਈ ਰਾਗੀ ਜਥੇ ਸਿਫਾਰਸ਼ਾਂ ਲਗਵਾ ਕੇ ਕੀਰਤਨ ਡਿਊਟੀ ਲਗਵਾਉਂਦੇ ਹਨ। ਭਾਵੇਂ ਉਨ੍ਹਾਂ ਦੇ ਕੀਰਤਨ ਕਰਨ ਦਾ ਪੱਧਰ ਇਸ ਅਸਥਾਨ ਤੇ ਕੀਰਤਨ ਕਰਨ ਦੀ ਪੱਧਰ ਦੇ ਬਰਾਬਰ ਨਹੀਂ ਹੁੰਦਾ।

ਚੰਡੀਗੜ੍ਹ ਤੋਂ ਗੁਰਬਾਣੀ ਦੇ ਕੀਰਤਨ ਸਬੰਧੀ ਛਪਣ ਵਾਲੇ ਮਹਾਂਵਾਰੀ ਰਸਾਲੇ 'ਅੰਮ੍ਰਿਤ ਕੀਰਤਨ' ਦੇ ਸੰਪਾਦਕ ਡਾ. ਜਾਗੀਰ ਸਿੰਘ ਆਪਣੀਆਂ ਲਿਖਤਾਂ ਰਾਹੀਂ ਇਸ ਸਬੰਧ ਵਿੱਚ ਕਾਫੀ ਸਮੇਂ ਤੋਂ ਆਵਾਜ਼ ਉਠਾ ਰਹੇ ਹਨ ਕਿ ਹਰਿਮੰਦਰ ਸਾਹਿਬ ਵਿੱਚ ਗੈਰ-ਸਿੱਖ ਰਾਗੀਆਂ ਵੱਲੋਂ ਕੀਰਤਨ ਕਰਨ ਤੇ ਲਗਾਈ ਗਲਤ, ਅਨਉਚਿਤ ਅਤੇ ਗੁਰੂ ਆਸ਼ੇ ਦੇ ਉਲਟ ਹੈ। ਪ੍ਰਸਿੱਧ ਸਿੱਖ ਵਿਦਵਾਨ ਸ: ਭਗਵੰਤ ਸਿੰਘ ਦਲਾਵਰੀ ਅਤੇ ਸ: ਸੋਹਣ ਸਿੰਘ ਦੇ ਲੇਖ 'ਅੰਮ੍ਰਿਤ ਕੀਰਤਨ' ਅਤੇ ਪੰਜਾਬੀ ਟ੍ਰਿਬਿਊਨ ਅਖਬਾਰਾਂ ਵਿੱਚ ਛਪੇ ਹਨ। ਗੁਰਬਾਣੀ ਦੇ ਸੰਸਾਰ ਭਰ ਵਿੱਚ ਪ੍ਰਸਾਰ ਪ੍ਰਚਾਰ ਕਰਨ ਅਤੇ ਗੁਰੂਆਂ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਲਈ ਹੋਰ ਸਿੱਖ ਵਿਦਵਾਨਾਂ ਅਤੇ ਰਾਗੀ ਜਥਿਆਂ ਨੂੰ ਵੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਸੰਨ 1922 ਈ. ਵਿੱਚ ਲੱਗੀ ਪਾਬੰਦੀ ਖਤਮ ਕਰਵਾਉਣੀ ਆਸਾਨ ਕੰਮ ਨਹੀਂ ਕਿਉਂਕਿ ਇਸ ਬਾਰੇ ਫੈਸਲਾ ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਹੀ ਕਰ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਮੁਖੀਆਂ ਅਤੇ ਮੈਂਬਰ ਸਾਹਿਬਾਨ ਪਾਸ ਪਹੁੰਚ ਕਰਕੇ ਇਹ ਪਾਬੰਦੀ ਖਤਮ ਕਰਵਾਉਣ ਲਈ ਭਰਪੂਰ ਯਤਨ ਕਰਨੇ ਹੋਣਗੇ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ, ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮੋਹਨ ਸਿੰਘ ਨਾਲ ਵੀ ਵਿਚਾਰ ਵਟਾਂਦਰਾ ਕਰਨਾ ਪਵੇਗਾ।

ਡਾ. ਜਾਗੀਰ ਸਿੰਘ ਬਹੁਤ ਹੀ ਉੱਚ ਪਾਏ ਦੇ ਕੀਤਰਨੀਏ ਹਨ ਉਨ੍ਹਾਂ ਵਲੋਂ ਅਜਿਹੀ ਆਵਾਜ਼ ਉਠਾਉਣੀ ਅਰਥ ਭਰਪੂਰ ਹੈ। ਉੱਚ ਕੋਟੀ ਦੇ ਰਾਗੀ ਹੋਣ ਦੇ ਨਾਤੇ ਜੇ ਉਹ ਅਜਿਹਾ ਸੋਚ ਸਕਦੇ ਹਨ ਤਦ ਦੂਜੇ ਰਾਗੀ ਜਥਿਆਂ ਨੂੰ ਵੀ ਅਜਿਹਾ ਸੋਚਣਾ ਚਾਹੀਦਾ ਹੈ। ਕਿਉਂਕਿ ਗੁਰਬਾਣੀ ਦੇ ਕੀਰਤਨ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬਹੁਤ ਵਸੀਹ ਮੈਦਾਨ ਤਿਆਰ ਹੈ।

ਆਸ਼ਾ ਕਰਨੀ ਚਾਹੀਦੀ ਹੈ ਕਿ ਇਸ ਉਦਮ ਵਿੱਚ ਸਫਲਤਾ ਮਿਲੇਗੀ ਕਿਉਂਕਿ ਇਹ ਗੁਰੂ ਦਾ ਆਪਣਾ ਕਾਜ਼ ਹੈ ਅਤੇ ਉਸ ਨੇ ਪ੍ਰੇਰਨਾ ਕਰਕੇ ਗੁਰਸਿੱਖਾਂ ਪਾਸੋਂ ਆਪ ਹੀ ਕਰਾਉਣਾ ਹੈ। ■

# ਸੱਚ-ਖੰਡ ਹਜ਼ੂਰ ਸਾਹਿਬ ਨਾਂਦੇੜ ਵਿੱਚ ਅਦੁੱਤੀ ਗੁਰਮਤਿ ਸਮਾਗਮ

**ਪ੍ਰੋ. ਗੁਰਮੁਖ ਸਿੰਘ ਸਹਿਗਲ**
144/8, ਮੁਹੱਲਾ ਅਰੋੜਿਆਂ, ਨੇੜੇ ਸੈਫਾਬਾਦੀ ਗੇਟ, ਪਟਿਆਲਾ

ਮਿਤੀ 28 ਅਕਤੂਬਰ 2000 ਤੋਂ 3 ਨਵੰਬਰ 2000 ਤੱਕ ਸੱਚ ਖੰਡ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉੱਤੇ ਸੰਤ ਬਾਬਾ ਮਾਨ ਸਿੰਘ ਪੇਹਵੇ ਵਾਲਿਆਂ ਵਲੋਂ ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾ ਗੁਰਗੱਦੀ ਦਿਵਸ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚ ਖੰਡ ਗਮਨ ਦਿਵਸ ਦੇ ਸੰਬੰਧ ਵਿੱਚ ਰਚਾਇਆ ਗਿਆ। ਨਾਂਦੇੜ ਦੀ ਧਰਤੀ ਉੱਤੇ ਇਸ ਤਰ੍ਹਾਂ ਦਾ ਸਮਾਗਮ ਮਨਾਉਣ ਦੀਆਂ ਤਿਆਰੀਆਂ ਤਾਂ ਦੋ ਤਿੰਨ ਮਹੀਨਿਆਂ ਤੋਂ ਬਾਬਾ ਮਾਨ ਸਿੰਘ ਵੱਲੋਂ ਸ਼ੁਰੂ ਹੋ ਗਈਆਂ ਸਨ ਜਦੋਂ ਕਿ ਸਥਾਨਕ ਰਣਜੀਤ ਸਿੰਘ ਯਾਤਰੀ-ਨਿਵਾਸ ਦੇ ਸਾਹਮਣੇ ਜੰਗਲੀ ਝਾੜੀਆਂ ਵਾਲੇ ਸਥਾਨ ਨੂੰ ਸਾਫ ਪੱਧਰਾ ਕਰਕੇ ਇੱਕ ਵਿਸ਼ਾਲ ਮੈਦਾਨ ਦੀ ਸ਼ਕਲ ਵਿੱਚ ਤਬਦੀਲ ਕੀਤਾ ਗਿਆ ਅਤੇ ਫੇਰ ਇਸ ਮੈਦਾਨ ਉੱਤੇ ਬਹੁਤ ਹੀ ਵਿਸ਼ਾਲ ਪੰਡਾਲ ਉਸਾਰਿਆ ਗਿਆ ਜਿਸ ਦੀ ਸਜਾਵਟ ਉੱਤੇ ਲੱਖਾਂ ਰੁਪਏ ਖ਼ਰਚ ਕੀਤੇ ਗਏ। ਉੱਤੋਂ ਗੋਲਾਕਾਰ ਪੰਡਾਲ ਦੇ ਅੰਦਰ ਕਤਾਰ ਵਿੱਚ ਝਾਲਰਦਾਰ ਰੋਸ਼ਨੀਆਂ ਪੰਡਾਲ ਦੀ ਸ਼ੋਭਾ ਵਧਾ ਰਹੀਆਂ ਸਨ। ਗੁਰਦੁਆਰਾ ਸੱਚ ਖੰਡ ਤੋਂ ਲੈ ਕੇ ਪੰਡਾਲ ਤੱਕ ਸਾਰੇ ਰਸਤੇ ਵਿੱਚ ਰੰਗ ਬਰੰਗੀਆਂ ਰੋਸ਼ਨੀਆਂ ਜਗਮਗ ਜਗਮਗ ਕਰ ਰਹੀਆਂ ਸਨ ਅਤੇ ਸਾਰੇ ਨਾਂਦੇੜ ਸ਼ਹਿਰ ਵਿੱਚ ਕੇਸਰੀ ਰੰਗ ਦੀਆਂ ਝੰਡੀਆਂ ਲਹਿਰਾ ਰਹੀਆਂ ਸਨ। ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਪੰਜਾਬ ਦੇ ਭਾਰਤ ਦੇ ਹੋਰ ਪ੍ਰਾਂਤਾਂ ਅਤੇ ਵਿਦੇਸ਼ਾਂ ਵਿੱਚ ਇਸ਼ਤਿਹਾਰ ਲਗਾਏ ਸਨ ਅਤੇ ਨਾਲ ਹੀ ਬਹੁਤ ਸੁੰਦਰ ਸੱਦਾ-ਪੱਤਰਾਂ ਰਾਹੀਂ ਲੋਕਾਂ ਨੂੰ ਹਜ਼ੂਰ ਸਾਹਿਬ ਪਹੁੰਚਣ ਦਾ ਸੱਦਾ ਦਿੱਤਾ ਗਿਆ ਸੀ।

ਜਿਸ ਕਰਕੇ ਭਾਰਤ ਅਤੇ ਬਾਹਰਲੇ ਮੁਲਕਾਂ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ ਤੇ ਇਟਲੀ ਤੋਂ ਸੰਤ ਬਾਬਾ ਮਾਨ ਸਿੰਘ ਦੇ ਸ਼ਰਧਾਲੂ ਹੁੰਮ ਹੁੰਮਾ ਕੇ ਪਹੁੰਚ ਗਏ ਸਨ।

ਸਮਾਗਮ ਦਾ ਆਰੰਭ 28 ਅਕਤੂਬਰ ਨੂੰ ਹੋਣਾ ਸੀ ਪਰ ਉਸ ਦਿਨ ਹਜ਼ੂਰ ਸਾਹਿਬ ਵਿੱਚ ਉੱਥੋਂ ਦੀ ਪ੍ਰਬੰਧਕ ਕਮੇਟੀ ਵਲੋਂ ਇੱਕ ਨਗਰ ਕੀਰਤਨ ਕੱਢਿਆ ਗਿਆ ਸੀ ਜਿਸ ਕਰਕੇ ਸਮਾਗਮ ਦਾ ਆਰੰਭ 29 ਅਕਤੂਬਰ ਨੂੰ ਸੰਤ ਬਾਬਾ ਮਾਨ ਸਿੰਘ ਦੀ ਦੇਖ ਰੇਖ ਵਿੱਚ ਹੋਇਆ। ਗੁਰਦੁਆਰਾ ਸੱਚ ਖੰਡ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪੰਡਾਲ ਤਕ ਲਿਆਉਣ ਲਈ ਬਾਬਾ ਮਾਨ ਸਿਘ ਦੀ ਅਗਵਾਈ ਵਿੱਚ ਸੰਗਤਾਂ ਨਗਰ ਕੀਰਤਨ ਦੀ ਸ਼ਕਲ ਵਿੱਚ ਸ਼ਬਦ ਗਾਉਂਦੀਆਂ ਹੋਈਆਂ ਗੁਰਦੁਆਰਾ ਸਾਹਿਬ ਪਹੁੰਚੀਆਂ ਅਤੇ ਬੜੇ ਅਦਬ ਤੇ ਸਤਿਕਾਰ ਨਾਲ ਬੈਂਡ ਵਾਜਿਆਂ ਦੀਆਂ ਧੁਨਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਪੰਡਾਲ ਵਾਲੀ ਥਾਂ ਲਿਆਂਦਾ ਗਿਆ। ਪੰਡਾਲ ਵਿੱਚ ਬਣੀ ਸਟੇਜ ਤੇ ਇੱਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਸਤੇ ਵਿਸ਼ੇਸ਼ ਤੌਰ ਉੱਤੇ ਜਿਸ ਥਾਂ ਨੂੰ ਸਜਾਇਆ ਗਿਆ ਸੀ ਉੱਥੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਰੱਖਿਆ ਗਿਆ। ਅਰਦਾਸ ਕਰਨ ਉਪਰੰਤ ਸਮਾਗਮ ਦਾ ਅਰੰਭ ਹੋਇਆ। ਇਸ ਸਮਾਗਮ ਵਿੱਚ ਭਾਗ ਲੈਣ ਲਈ ਕਈ ਰਾਗੀ ਜੱਥੇ, ਢਾਡੀ, ਕਵੀ, ਕਥਾ ਵਾਚਕ ਅਤੇ ਕੱਵਾਲ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਆਏ ਸਨ। ਪਹਿਲੇ ਦਿਨ ਤੋਂ ਅੰਤਿਮ ਦਿਨ ਤੱਕ ਇਹ ਢਾਡੀ, ਕਵੀਸ਼ਰ, ਰਾਗੀ, ਕੱਵਾਲ ਅਤੇ ਕਥਾ ਵਾਚਕ ਵਾਰੋ ਵਾਰੀ ਆਪੋ ਆਪਣਾ ਪ੍ਰੋਗਰਾਮ ਪੇਸ਼ ਕਰਦੇ ਰਹੇ। ਪ੍ਰੋਗਰਾਮ ਦੇ ਅਖ਼ੀਰ ਵਿੱਚ ਸੰਤ ਬਾਬਾ ਮਾਨ ਸਿੰਘ ਦਾ ਕੀਰਤਨ ਹੁੰਦਾ ਜਿਸ ਨੂੰ ਸੁਣਨ ਲਈ ਸੰਗਤਾਂ ਵਿੱਚ ਇੱਕ ਅਜੀਬ ਤਰ੍ਹਾਂ ਦਾ ਉਤਸ਼ਾਹ ਤੇ ਉਮਾਹ ਸੀ। ਪਹਿਲੇ ਦਿਨ ਬਾਬਾ ਮਾਨ ਸਿੰਘ ਨੇ ਆਪਣੇ ਕੀਰਤਨ ਵਿੱਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਭਾਰਤ ਦੇਸ਼ ਦੀ ਆਨ ਸ਼ਾਨ ਬਚਾਉਣ ਲਈ ਆਪਣਾ ਸਰਬੰਸ ਵਾਰ ਦਿੱਤਾ। ਇਸ ਸਮਾਗਮ ਦਾ ਆਯੋਜਨ ਬੜੇ ਵਿਸ਼ਾਲ ਪੱਧਰ ਉੱਤੇ ਕੀਤਾ ਗਿਆ ਸੀ ਦੂਰ ਦੂਰ ਤੱਕ ਲਾਊਡ਼ ਸਪੀਕਰਾਂ ਰਾਹੀਂ ਸਾਰੇ ਨਾਂਦੇੜ ਸ਼ਹਿਰ ਵਿੱਚ ਇਸ ਦੀਆਂ ਗੂੰਜਾਂ ਪੈ ਰਹੀਆਂ ਸਨ। ਰਾਗੀ ਸਿੰਘਾਂ ਦਾ ਅੰਮ੍ਰਿਤਧਾਰੀ ਕੀਰਤਨ, ਢਾਡੀ ਸਿੰਘਾਂ ਦੀਆਂ ਜੋਸ਼ੀਲੀਆਂ ਧਾਰਮਿਕ ਵਾਰਾਂ ਤੇ ਦਿੱਲੀ ਤੋਂ ਵਿਸ਼ੇਸ਼ ਤੌਰ ਉੱਤੇ ਪੁੱਜੇ ਸਬੀਰ ਹੁਸੈਨ ਅਤੇ ਸਾਥੀਆਂ ਦੀਆਂ ਕੱਵਾਲੀਆਂ ਜਿਨ੍ਹਾਂ ਰਾਹੀਂ

ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦਾ ਜ਼ਿਕਰ ਸੀ। ਨਾਂਦੇੜ ਵਾਸੀਆਂ ਨੇ ਇਸ ਤਰ੍ਹਾਂ ਦਾ ਪ੍ਰੋਗਰਾਮ ਪਹਿਲੇ ਕਦੇ ਨਹੀਂ ਸੁਣਿਆਂ ਵੇਖਿਆ ਸੀ। ਇਹ ਪ੍ਰੋਗਰਾਮ ਸਵੇਰੇ ਨੌਂ ਵਜੇ ਤੋਂ ਦੁਪਹਿਰ ਦੇ ਤਿੰਨ ਵਜੇ ਤੱਕ ਹੁੰਦਾ ਅਤੇ ਫੇਰ ਸ਼ਾਮ ਦੇ ਛੇ ਵਜੇ ਤੋਂ ਸ਼ੁਰੂ ਹੋ ਕੇ, ਰਾਤ ਦੇ ਢਾਈ ਤਿੰਨ ਵਜੇ ਤੱਕ ਚਲਦਾ ਰਹਿੰਦਾ ਅਤੇ ਸੰਗਤਾਂ ਦਾ ਇੱਕ ਹਜ਼ੂਮ ਇਸ ਵਿਸ਼ਾਲ ਪੰਡਾਲ ਵਿੱਚ ਮਗਨ ਹੋਇਆ ਬੈਠਾ ਅਨੰਦ ਮਾਣਦਾ। ਬਾਬਾ ਮਾਨ ਸਿੰਘ ਦੇ ਪਹਿਲੇ ਦਿਨ ਦੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਨਾਂਦੇੜ ਦੇ ਕੁਝ ਗੈਰ ਸਿੱਖ ਬਾਬਾ ਮਾਨ ਸਿੰਘ ਦੇ ਨਿਵਾਸ ਅਸਥਾਨ ਉੱਤੇ ਆਏ ਅਤੇ ਬੇਨਤੀ ਕੀਤੀ ਕਿ ਜੇ ਤੁਸੀਂ ਆਪਣਾ ਕੀਰਤਨ ਹਿੰਦੀ ਭਾਸ਼ਾ ਵਿੱਚ ਕਰੋ ਤਾਂ ਬੜੀ ਕਿਰਪਾ ਹੋਵੇਗੀ। ਨਾਂਦੇੜ ਵਾਸੀਆਂ ਦੇ ਕਹੇ ਮੁਤਾਬਿਕ ਦੂਜੇ ਦਿਨ ਬਾਬਾ ਜੀ ਨੇ ਆਪਣਾ ਕੀਰਤਨ ਹਿੰਦੀ ਭਾਸ਼ਾ ਵਿੱਚ ਕੀਤਾ ਅਤੇ ਹਿੰਦੀ ਵਿੱਚ ਹੀ ਸਿੱਖ ਇਤਿਹਾਸ ਦੀਆਂ ਉਨ੍ਹਾਂ ਉੱਚੀਆਂ ਸੁੱਚੀਆਂ ਰਵਾਇਤਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਿੱਖ ਗੁਰੂਆਂ ਨੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਹੈ। ਸਿੱਖਾਂ ਵਿੱਚ ਊਚ-ਨੀਚ ਅਤੇ ਜਾਤਪਾਤ ਲਈ ਕੋਈ ਥਾਂ ਨਹੀਂ। ਔਰੰਗਜ਼ੇਬ ਦੇ ਸਾਸ਼ਨ ਕਾਲ ਵਿੱਚ ਹਿੰਦੂਆਂ ਉੱਤੇ ਜੋ ਜ਼ੁਲਮ ਹੋ ਰਹੇ ਸਨ ਗੁਰੂ ਗੋਬਿੰਦ ਸਿੰਘ ਨੇ ਉਸ ਜ਼ੁਲਮ ਦੇ ਖਾਤਮੇ ਲਈ ਤਲਵਾਰ ਉਠਾਈ ਸੀ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਆਪਣੇ ਸੀਸ ਦਾ ਬਲੀਦਾਨ ਦਿੱਤਾ। ਬਾਬਾ ਜੀ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਭਾਰਤ ਦੇ ਅਸਲੀ ਰਾਸ਼ਟਰ ਪਿਤਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ ਕਿਸੇ ਹੋਰ ਨੂੰ ਭਾਰਤ ਦਾ ਰਾਸ਼ਟਰ ਪਿਤਾ ਕਹਿਣਾ ਵੱਡੀ ਭੁੱਲ ਹੈ। ਆਪਣੇ ਕੀਰਤਨ ਵਿੱਚ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਬਾਬਾ ਜੀ ਬਹੁਤ ਹੀ ਭਾਵੁਕ ਹੋ ਗਏ ਸਨ ਜਿਸ ਨਾਲ ਪੰਡਾਲ ਵਿੱਚ ਬੈਠੀ ਸਾਰੀ ਸੰਗਤ ਦੀਆਂ ਅੱਖਾਂ ਵੀ ਸੇਜਲ ਹੋ ਗਈਆਂ ਸਨ। ਇਸ ਬਾਰੇ ਉੱਥੋਂ ਦੇ ਇੱਕ ਅਖ਼ਬਾਰ ਲੋਕ ਮਤ ਸਮਾਚਾਰ ਨੇ ਇਸ ਤਰ੍ਹਾਂ, ਸੁਰਖੀ ਦਿੱਤੀ "ਖ਼ਾਲਸਾ ਪੰਥ ਕੀ ਸਥਾਪਨਾ ਕਾ ਮੁਖਯ ਉਦੇਸ਼ ਹਿੰਦੂ ਧਰਮ ਕੀ ਰਕਸ਼ਾ ਕਰਨੀ- ਗੁਰੂ ਮਹਾਰਾਜ ਕੇ ਬਲੀਦਾਨ ਕੀ ਕਥਾ ਸੁਨਾਕਰ ਬਾਬਾ ਮਾਨ ਸਿੰਘ ਜੀ ਰੋ ਪੜੇ- ਪੰਡਾਲ ਕਾ ਮਾਹੌਲ ਹੋ ਗਿਆ ਗ਼ਮਗੀਨ।"

ਹਜ਼ੂਰ ਸਾਹਿਬ ਵਿੱਚ ਆਯੋਜਿਤ ਕੀਤਾ ਜਾ ਰਿਹਾ ਇਹ ਸਾਰਾ ਸਮਾਗਮ ਧਾਰਮਿਕ ਅਤੇ ਸਭਿਆਚਾਰਕ ਰੰਗਣ ਵਾਲਾ ਸੀ। ਇਸ ਵਿੱਚ ਕਿਸੇ ਕਿਸਮ ਦੀ ਸਿਆਸਤ ਦਾ ਦਖ਼ਲ ਬਿਲਕੁਲ ਨਹੀਂ ਸੀ। ਕਈ ਮਹਾਂ ਪੁਰਸ਼ਾਂ ਨੇ ਸਮਾਗਮ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਸੰਤ ਸਮਾਜ ਦੇ ਮੁੱਖੀ ਬਾਬਾ ਸਰਬਜੋਤ ਸਿੰਘ ਬੇਦੀ ਨੇ ਇਸ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਆਪਣੇ ਵਿਚਾਰ ਰੱਖੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਿੰਦੀਆਂ ਟਿੱਪੀਆਂ ਲਾਉਣ ਅਤੇ ਸਿਹਾਰੀਆਂ ਬਿਹਾਰੀਆਂ ਬਦਲਣ ਦੇ ਵਿਸ਼ੇ ਉੱਤੇ ਚਰਚਾ ਕੀਤੀ ਗਈ ਅਤੇ ਅਜਿਹਾ ਕਰਨ ਵਾਲਿਆਂ ਦਾ ਸਖ਼ਤ ਵਿਰੋਧ ਕੀਤਾ ਗਿਆ। ਸੱਚ ਖੰਡ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਇਹ ਸੁਝਾ ਆਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਦੀ ਛਪਾਈ ਦਾ ਕੰਮ ਇੱਥੇ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਲੋਕਾਂ ਤੱਕ ਪਹੁੰਚਣ ਲਈ ਕਿਸੇ ਤਰ੍ਹਾਂ ਦੀ ਕੀਮਤ ਨਹੀਂ ਲੈਣੀ ਚਾਹੀਦੀ। ਸੰਤ ਬਾਬਾ ਮਾਨ ਸਿੰਘ ਜੀ ਨੇ ਐਲਾਨ ਕੀਤਾ ਕਿ ਇਸ ਕੰਮ ਲਈ ਪ੍ਰੈਸ ਲਗਾਉਣ ਉੱਤੇ ਜਿੰਨਾ ਵੀ ਖ਼ਰਚਾ ਆਵੇਗਾ ਉਹ ਕਲਗੀਧਰ ਦਾ ਇਹ ਦਾਸ ਕਰੇਗਾ।

ਬਾਬਾ ਮਾਨ ਸਿੰਘ ਨੇ ਸਾਰੇ ਕਵੀਆਂ ਢਾਡੀਆਂ ਕਥਾਵਾਚਕਾਂ ਅਤੇ ਰਾਗੀਆਂ ਦਾ ਸਨਮਾਨ ਕਰਦਿਆਂ ਬੜੇ ਭਾਵੁਕ ਹੋ ਕੇ ਕਿਹਾ, 'ਜੇ ਮੇਰਾ ਵਸ ਚਲੇ ਤਾਂ ਮੈਂ ਇਨ੍ਹਾਂ, ਕਵੀਆਂ ਤੇ ਸੰਗੀਤਕਾਰਾਂ ਨੂੰ ਸੋਨੇ ਨਾਲ ਤੋਲਦਿਆਂ ਇਹ ਕਵੀ, ਢਾਡੀ, ਰਾਗੀ ਸਿੰਘ ਅਤੇ ਸੰਗੀਤਕਾਰ ਆਦਿ ਕੌਮ ਦਾ ਬਹੁਤ ਵੱਡਾ ਸਰਮਾਇਆ ਹੁੰਦੇ ਹਨ। ਸਾਡੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ।

ਮਿਤੀ ਦੋ ਨਵੰਬਰ ਦੀ ਰਾਤ ਦੇ ਪ੍ਰੋਗਰਾਮ ਨੂੰ ਗਿਆਰਾਂ ਵਜੇ ਤੋਂ ਲੈ ਕੇ ਸਾਢੇ ਬਾਰ੍ਹਾਂ ਵਜੇ ਤਕ ਡੀ. ਡੀ. ਪੰਜਾਬੀ ਟੀ. ਵੀ. ਚੈਨਲ ਤੋਂ ਲਾਈਵ ਟੈਲੀ ਕਾਸਟ ਕੀਤਾ ਗਿਆ ਜਿਸ ਰਾਹੀਂ ਦੇਸ-ਵਿਦੇਸਾਂ ਵਿੱਚ ਬਾਬਾ ਮਾਨ ਸਿੰਘ ਦੇ ਕੀਰਤਨ ਦੀਆਂ ਗੂੰਜਾਂ ਪੈਂਦੀਆਂ ਰਹੀਆਂ। ਇਸ ਤੋਂ ਇਲਾਵਾ ਲਿਸਕਾਰਾ ਪੰਜਾਬੀ ਟੀ. ਵੀ. ਚੈਨਲ ਨੇ ਪਹਿਲੇ ਦਿਨ ਤੋਂ ਹੀ ਸਾਰੇ ਪ੍ਰੋਗਰਾਮ ਨੂੰ ਰਿਕਾਰਡ ਕਰਨ ਦਾ ਉਪਰਾਲਾ ਕੀਤਾ ਹੋਇਆ ਸੀ ਜੋ ਉਹ ਸਮੇਂ ਸਮੇਂ ਆਪਣੇ ਚੈਨਲ ਤੋਂ ਵਿਖਾਉਣਗੇ।

3 ਨਵੰਬਰ 2000 ਨੂੰ ਸਾਰੇ ਨਾਂਦੇੜ ਸ਼ਹਿਰ ਵਿੱਚ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਸ ਨਗਰ ਕੀਰਤਨ ਵਿੱਚ ਢੇਡ ਲੱਖ ਦੇ ਕਰੀਬ ਸੰਗਤ ਸ਼ਾਮਿਲ ਹੋਈ। ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਵਾਲੀ ਸਾਰੀ

ਸੰਗਤ ਕੇਸਰੀ ਲਿਬਾਸ ਵਿੱਚ ਸੱਜੀ ਹੋਈ ਸੀ। ਆਦਮੀਆਂ ਨੇ ਕੇਸਰੀ ਪੱਗਾਂ ਅਤੇ ਬੀਬੀਆਂ ਨੇ ਕੇਸਰੀ ਦੁਪੱਟੇ ਲਏ ਹੋਏ ਸਨ ਅਤੇ ਨੰਗੇ ਪੈਰੀਂ ਬੜੀ ਸ਼ਰਧਾ ਨਾਲ ਗੁਰੂ ਸਾਹਿਬਾਂ ਦਾ ਜਸ ਗਾਇਨ ਕਰਦੇ ਹੋਏ ਸਾਢੇ ਤਿੰਨ ਕਿਲੋ ਮੀਟਰ ਦਾ ਸਫਰ ਤੈਅ ਕਰਦੇ ਹੋਏ ਸੱਚ ਖੰਡ ਗੁਰਦੁਆਰੇ ਵੱਲ ਉਤਸ਼ਾਹ ਨਾਲ ਜਾ ਰਹੇ ਸਨ। ਨਗਰ ਕੀਰਤਨ ਨਾਂਦੇੜ ਦੇ ਬਜ਼ਾਰਾਂ ਵਿੱਚੋਂ ਬੜੀ ਸ਼ਾਨ ਨਾਲ ਗੁਜਰ ਰਿਹਾ ਸੀ ਉਪਰੋਂ ਹੈਲੀਕਾਪਟਰ ਰਾਹੀਂ ਇਸ ਉੱਤੇ ਫੁੱਲਾਂ ਦੀ ਵਰਖਾ ਹੋ ਰਹੀ ਸੀ। ਦੁਪਹਿਰ ਦੇ ਢੇਡ ਵੱਜੇ ਸ਼ੁਰੂ ਹੋਇਆ ਨਗਰ ਕੀਰਤਨ ਰਾਤ ਦੇ ਸਾਢੇ ਗਿਆਰਾਂ ਵਜੇ ਸੱਚ ਖੰਡ ਗੁਰਦੁਆਰੇ ਪੁੱਜਿਆ। ਨਾਂਦੇੜ ਦੀਆਂ ਸੜਕਾਂ ਤੋਂ ਗੁਜ਼ਰਦੇ ਹੋਏ ਇਸ ਨਗਰ ਕੀਰਤਨ ਦੀ ਸ਼ਾਨ ਹੀ ਨਿਰਾਲੀ ਸੀ। ਸਾਰੇ ਪਾਸੇ ਕੇਸਰੀ ਰੰਗ ਦੀਆਂ ਬਹਾਰਾਂ ਛਾਈਆਂ ਹੋਈਆਂ ਸਨ। ਨਾਂਦੇੜ ਵਾਸੀਆਂ ਲਈ ਇਹ ਇੱਕ ਅਲੌਕਿਕ ਨਜ਼ਾਰਾ ਸੀ। ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਵਾਲੀ ਸਾਰੀ ਸੰਗਤ ਵਿੱਚ ਬਹੁਤ ਹੀ ਅਨੁਸ਼ਾਸਨ ਸੀ ਜਿਸ ਨੂੰ ਵੇਖ ਕੇ ਉੱਥੇ ਦੀ ਪੁਲੀਸ ਸਿਕਿਉਰਿਟੀ ਵਾਲੇ ਬਹੁਤ ਹੀ ਪ੍ਰਭਾਵਤ ਹੋ ਰਹੇ ਸਨ। ਉੱਥੋਂ ਦੇ ਕਈ ਲੋਕਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਿਆ ਕਿ ਅਜਿਹਾ ਪ੍ਰਭਾਵਸ਼ਾਲੀ ਸਮਾਗਮ ਅਤੇ ਨਗਰ ਕੀਰਤਨ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰੀ ਵੇਖਿਆ ਹੈ। ਉੱਥੋਂ ਦੇ ਇੱਕ ਅਖ਼ਬਾਰ 'ਮਰਾਠਵਾੜਾ' ਨੇ ਇਸ ਸਮਾਗਮ ਬਾਰੇ ਇਸ ਤਰ੍ਹਾਂ ਲਿਖਿਆ ਹੈ, "ਨਾਂਦੇੜ ਮੇਂ ਚਲ ਰਹੇ ਵਿਰਾਟ ਸੰਤ ਸੰਮਲੇਨ ਸੇ ਭਗਤੀ ਰਸ ਮੇਂ ਡੂਬੇ ਨਗਰ ਵਾਸੀ- ਢੇਡ ਲੱਖ ਸਿੱਖ ਸ਼ਰਧਾਲੂਓਂ ਕਾ ਨਾਂਦੇੜ ਨਗਰੀ ਮੇਂ ਆਗਮਨ- ਚਾਰੋਂ ਦਿਸ਼ਾਓਂ ਮੇਂ ਪ੍ਰਤਿ ਧ੍ਵਨਿਤ ਹੋ ਰਿਹਾ ਹੈ ਸਤਿ ਸ੍ਰੀ ਅਕਾਲ ਕਾ ਜਯਘੋਸ਼।"

ਸਮਾਗਮ ਵਿੱਚ ਸ਼ਾਮਿਲ ਹੋਣ ਲਈ ਆਈਆਂ ਸੰਗਤਾਂ ਨੇ ਨਗਰ ਕੀਰਤਨ ਦੇ ਰਸਤਿਆਂ ਦੀ ਜਿਸ ਸ਼ਰਧਾ ਨਾਲ ਸਫ਼ਾਈ ਕੀਤੀ ਉਸ ਬਾਰੇ ਅਖ਼ਬਾਰ ਵਿੱਚ ਕੁਝ ਇਸ ਤਰ੍ਹਾਂ, ਟਿਪਣੀ ਕੀਤੀ ਗਈ ਸੀ- "ਪੰਜਾਬ ਸੇ ਆਏ ਸੈਂਕੜੋਂ ਸੇਵਾਦਾਰ ਇਸ ਸ਼ਹਿਰ ਕੀ ਸੜਕੋਂ ਕੀ ਸਾਫ਼ ਸਫ਼ਾਈ ਕਰ ਰਹੇ ਹੈਂ ਜਿਸ ਸੇ ਐਸਾ ਲਗਤਾ ਹੈ ਕਿ ਨਾਂਦੇੜ ਵਰਤਮਾਨ ਸਮੇਂ ਮੇਂ ਅੰਮ੍ਰਿਤਸਰ ਕੀ ਤਰਜ਼ ਪਰ ਵਿਕਸਿਤ ਹੋਤਾ ਜਾ ਰਹਾ ਹੈ, ਧੰਨਯ ਹੈਂ ਭਾਗਯਸ਼ਾਲੀ ਨਾਂਦੇੜ ਵਾਸੀ, ਜਿਨ੍ਹੇ ਵਿਸ਼ਵ ਪ੍ਰਸਿੱਧ ਸੰਤੋਂ ਵਿਦਵਾਨੋਂ ਔਰ ਮਹਾਂਪੁਰਸ਼ੋਂ ਕੇ ਅੰਮ੍ਰਿਤ ਵਚਨ ਸੁਨਨੇ ਕੇ ਸਾਥ ਸਾਥ ਹੀ ਦੇਵ ਦੁਰਲਭ ਸੰਤ ਮਹਾਂ ਪੁਰਸੋਂ ਕੇ ਚਰਣੋਂ ਕੇ ਦਰਸ਼ਨ ਕਰਨੇ ਕਾ ਸੌਭਾਗਯ ਪ੍ਰਾਪਤ ਹੋ ਰਹਾ ਹੈ। ਇਸ ਸਮਾਗਮ ਕੀ ਸਭ ਸੇ ਬੜੀ ਵਿਸ਼ੇਸ਼ਤਾ ਯੇਹ ਹੈ ਕਿ ਇਸ ਮੇ ਸਭੀ ਧਰਮੋਂ ਕੇ ਬੜੇ ਸੰਤੋਂ ਮਹਾਂਪੁਰਸੋਂ ਕੋ ਕਥਾ ਪ੍ਰਵਚਨ ਵਾ ਕੀਰਤਨ ਕਰਨੇ ਕੇ ਲੀਏ ਆਮੰਤਰਿਤ ਕੀਆ ਗਿਆ ਹੈ।"

ਸਮਾਗਮ ਦੀ ਇੱਕ ਹੋਰ ਵਿਸ਼ੇਸ਼ਤਾ ਇਸ ਦੇ ਲੰਗਰ ਦੇ ਪ੍ਰਬੰਧ ਦੀ ਹੈ। ਬਾਬਾ ਮੋਹਨ ਸਿੰਘ ਪੇਹਵੇ ਵਾਲਿਆਂ ਦੀ ਦੇਖ ਰੇਖ ਵਿੱਚ 27 ਅਕਤੂਬਰ ਤੋਂ 3 ਨਵੰਬਰ 2000 ਤੱਕ ਚੌਵੀ ਘੰਟੇ ਅਤੁੱਟ ਲੰਗਰ ਵਰਤ ਰਿਹਾ। ਇਸ ਵਿੱਚ ਸਾਰੇ ਖਾਣੇ ਦੇਸੀ ਘਿਉ ਵਿੱਚ ਪਕਾਏ ਗਏ ਅਤੇ ਸਬਜੀਆਂ ਭਾਜੀਆਂ ਵਿੱਚ ਕਾਜੂ ਅਤੇ ਬਦਾਮਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਨਾਂਦੇੜ ਵਾਸੀਆਂ ਲਈ ਗੁਰੂ ਦਾ ਇਹ ਅਤੁੱਟ ਲੰਗਰ ਵੀ ਬਹੁਤ ਵੱਡੀ ਖਿੱਚ ਦਾ ਕਾਰਨ ਬਣਿਆ।

ਸੱਚ ਖੰਡ ਹਜ਼ੂਰ ਸਾਹਿਬ ਤੱਕ ਪਹੁੰਚਣ ਲਈ ਸੰਤ ਬਾਬਾ ਮਾਨ ਸਿੰਘ ਨੇ ਸੰਗਤਾਂ ਲਈ ਰੇਲ ਗੱਡੀ ਦੀਆਂ ਕਈ ਬੋਗੀਆਂ ਰੀਜ਼ਰਵ ਕੀਤੀਆਂ ਸਨ ਜਿਸ ਵਿੱਚ 24 ਅਕਤੂਬਰ ਤੋਂ ਇੱਕ ਨਵੰਬਰ ਤਕ ਸੰਗਤਾਂ ਆਉਂਦੀਆਂ ਰਹੀਆਂ ਵਿਦੇਸਾਂ ਤੋਂ ਆਏ ਬਾਬਾ ਮਾਨ ਸਿੰਘ ਦੇ ਕਈ ਅਜਿਹੇ ਸ਼ਰਧਾਲੂ ਵੀ ਸਨ ਜਿਨ੍ਹਾਂ ਨੇ ਆਪਣੇ ਖ਼ਰਚੇ ਉੱਤੇ ਬਹੁਤ ਸਾਰੇ ਸ਼ਰਧਾਲੂਆਂ ਨੂੰ ਸਮਾਗਮ ਵਿੱਚ ਲਿਆਉਣ ਦਾ ਉਪਰਾਲਾ ਕੀਤਾ। ਅਜਿਹਾ ਇੱਕ ਬਾਬਾ ਜੀ ਦਾ ਅਮਰੀਕਾ ਵਾਸੀ ਸ਼ਰਧਾਲੂ ਵੀ ਸੀ ਜਿਸ ਨੇ ਬਟਾਲੇ ਦੇ ਕੋਲ ਆਪਣੇ ਪਿੰਡ ਕਾਲਾ ਨੰਗਲ ਦੇ ਕੋਈ ਢਾਈ ਸੌ ਲੋਕਾਂ ਲਈ ਗੱਡੀ ਵਿੱਚ ਆਉਣ ਜਾਣ ਦੀਆਂ ਸੀਟਾਂ ਬੁੱਕ ਕੀਤੀਆਂ ਸਨ। ਇਤਫ਼ਾਕ ਨਾਲ ਮੈਂ ਵੀ ਉਸ ਗੱਡੀ ਵਿੱਚ ਸਵਾਰ ਸਾਂ ਜਿਸ ਵਿੱਚ ਇਹ ਅਮਰੀਕਾ ਦਾ ਸ਼ਰਧਾਲੂ ਸਿੱਖ ਆਪਣੇ ਪਿੰਡ ਦੀ ਸਾਰੀ ਸੰਗਤ ਨੂੰ ਆਪਣੇ ਹੀ ਖ਼ਰਚੇ ਉੱਤੇ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਲਿਆਇਆ ਸੀ। ਗੱਡੀ ਵਿੱਚ ਸਾਰੀ ਸੰਗਤ ਦੇ ਰੋਟੀ ਪਾਣੀ ਚਾਹ ਤੇ ਫਲਾਂ ਦੀ ਸੇਵਾ ਇਸ ਨੇ ਆਪਣੇ ਜ਼ਿੰਮੇ ਲਈ ਹੋਈ ਸੀ। ਜੇ ਕਿਸੇ ਸਟੇਸ਼ਨ ਉੱਤੇ ਫਲਾਂ ਦੀ ਰੇਹੜੀ ਖੜ੍ਹੀ ਵੇਖਦਾ ਤਾਂ ਰੇਹੜੀ ਦੇ ਸਾਰੇ ਫ਼ਲ ਖ਼ਰੀਦ ਲੈਂਦਾ ਅਤੇ ਫੇਰ ਸਾਰੀ ਸੰਗਤ ਵਿੱਚ ਆਪਣੇ ਹੱਥੀਂ ਵਰਤਾਉਂਦਾ। ਉਸ ਦੀ ਇਹ ਸੇਵਾ ਭਾਵਨਾ ਵੇਖ ਕੇ ਮੈਂ ਕਿਹਾ ਤੁਸੀਂ ਹੀ ਹੋ ਜੋ ਏਨਾ ਖ਼ਰਚਾ ਕਰ ਰਹੇ ਹੋ। ਤਾਂ

ਉਹ ਕਹਿਣ ਲੱਗਾ, "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਵੀਹ ਰੁਪਏ ਦਾ ਲੰਗਰ ਲਾਇਆ ਸੀ ਇਹ ਤਾਂ ਉਸ ਦਾ ਵਿਆਜ ਹੈ, ਮੂਲ ਤਾਂ ਅਜ ਉਸੇ ਤਰ੍ਹਾਂ ਪਿਆ ਹੋਇਐ।" ਅਜਿਹੇ ਦਾਨੀ ਸਿੱਖਾਂ ਦੀ ਇਹ ਇੱਕ ਮਿਸਾਲ ਸੀ। ਇੰਗਲੈਂਡ ਅਮਰੀਕਾ, ਕਨੇਡਾ ਅਤੇ ਇਟਲੀ ਆਦਿ ਤੋਂ ਆਏ ਬਾਬਾ ਜੀ ਦੇ ਸ਼ਰਧਾਲੂ ਸਿੱਖਾਂ ਨੇ ਗੁਪਤ ਤੌਰ ਉੱਤੇ ਵੀ ਕਿੰਨਾ ਕੁਝ ਦਾਨ ਕੀਤਾ ਇਸ ਦਾ ਹਿਸਾਬ ਨਹੀਂ।

ਸੰਤ ਬਾਬਾ ਮਾਨ ਸਿੰਘ ਦੁਆਰਾ ਆਯੋਜਿਤ ਕੀਤਾ ਗਿਆ ਇਹ ਸਮਾਗਮ ਇੱਕ ਕ੍ਰਾਂਤੀਕਾਰੀ ਸਮਾਗਮ ਸੀ ਜਿਸ ਨਾਲ ਪੂਰੀ ਕੌਮ ਨੂੰ ਆਪਣੇ ਸ਼ਾਨਾ ਮੱਤੇ ਵਿਰਸੇ ਤੋਂ ਜਾਣੂੰ ਕਰਵਾਉਣ ਲਈ ਹੰਭਲਾ ਮਾਰਿਆ ਗਿਆ। ਸਿੱਖ ਕੌਮ ਵਿੱਚ ਸੇਵਾ ਅਤੇ ਸਿਮਰਨ ਦੀ ਭਾਵਨਾ ਨੂੰ ਉਜਾਗਰ ਕਰਨਾ ਅਤੇ ਆਪਣੀਆਂ ਉੱਚੀਆਂ ਸੁੱਚੀਆਂ ਇਖਲਾਕੀ ਕਦਰਾਂ ਕੀਮਤਾਂ ਤੇ ਰਵਾਇਤਾਂ ਨਾਲ ਜੁੜਨਾਂ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਉੱਤੇ ਉਭਰ ਕੇ ਸਾਹਮਣੇ ਆਇਆ। ਇਹ ਇੱਕ ਅਜਿਹਾ ਉਪਰਾਲਾ ਸੀ ਜਿਸ ਬਾਰੇ ਇਹ ਅਖੌਤੀ ਕਿਸਮ ਦੀਆਂ ਪ੍ਰਚਾਰਕ ਪ੍ਰਬੰਧਕ ਕਮੇਟੀਆਂ ਅਤੇ ਧਾਰਮਿਕ ਸੰਸਥਾਵਾਂ ਕਦੇ ਸੋਚ ਵੀ ਨਹੀਂ ਸਕਦੀਆਂ। ਅਜਿਹੇ ਸਮਾਗਮ ਵਿੱਚ ਹਾਜ਼ਰੀ ਭਰ ਕੇ ਇਸ ਗੱਲ ਦਾ ਇਹਸਾਸ ਹੁੰਦਾ ਹੈ ਸਿੱਖ ਧਰਮ ਦਾ ਅਸਲੀ ਪ੍ਰਚਾਰ ਤਾਂ ਸੰਤ ਬਾਬਾ ਮਾਨ ਸਿੰਘ ਵਰਗੇ ਨਿਸ਼ਕਾਮ ਭਾਵਨਾ ਵਾਲੇ ਸੇਵਾਦਾਰ ਹੀ ਕਰ ਰਹੇ ਹਨ। ਬਾਬਾ ਜੀ ਨੇ ਏਨੇ ਵਿਸ਼ਾਲ ਪੱਧਰ ਉੱਤੇ ਸੱਚ ਖੰਡ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉੱਤੇ ਗੁਰਮਤਿ ਸਮਾਗਮ ਰਚਕੇ ਇੱਕ ਤਰ੍ਹਾਂ ਦਾ ਇਤਿਹਾਸ ਸਿਰਜਿਆ ਹੈ। ਅਜਿਹੇ ਸਮਾਗਮਾਂ ਨਾਲ ਹੀ ਕੌਮ ਵਿੱਚ ਜਾਗ੍ਰਤੀ ਅਤੇ ਉਤਸ਼ਾਹ ਪੈਦਾ ਹੁੰਦਾ ਹੈ ਅਤੇ ਆਪਣੇ ਵਿਰਸੇ ਦੀ ਪਛਾਣ ਹੁੰਦੀ ਹੈ। ਸੰਤ ਬਾਬਾ ਮਾਨ ਸਿੰਘ ਜੀ ਇਸ ਲਈ ਵਧਾਈ ਦੇ ਪਾਤਰ ਹਨ। ■

**ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।


ਗੁਰ ਤੇ ਸਾਚੀ ਸੇਵਾ ਹੋਇ॥ ਗੁਰਮੁਖਿ ਨਾਮੁ ਪਛਾਣੈ ਕੋਇ॥

HELP NEEDY

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ

PHONES : 701238, 713915, 701396

HELP NEEDY

**IN THE SERVICE OF HUMANITY**

Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

**THE AROMA**

**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Phulkari
Art Craft

# ਸਭ ਦੂ ਵਡੇ ਭਾਗ ਗੁਰਸਿਖਾ ਕੇ

**ਬਲਵਿੰਦਰ ਸਿੰਘ**
658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

ਤਕਰੀਬਨ ਸਾਰੇ ਹੀ ਬੰਦੇ ਭਾਗਾਂ ਜਾਂ ਕਿਸਮਤ ਦੀ ਗੱਲ ਕਰਦੇ ਹਨ। ਗੱਡੀ ਛੁੱਟ ਜਾਏ ਤਾਂ ਆਖਿਆ ਜਾਂਦਾ ਹੈ, ਚਲੋ ਭਾਗਾਂ ਵਿੱਚ ਨਹੀਂ ਸੀ। ਕਿਸੇ ਦੀ ਲਾਟਰੀ ਖੁੱਲ੍ਹ ਜਾਏ ਤਾਂ ਕਹਿੰਦੇ ਹਨ ਇਹ ਬੰਦਾ ਬੜੀ ਕਿਸਮਤ ਵਾਲਾ ਹੈ, ਬੜੇ ਚੰਗੇ ਭਾਗਾਂ ਵਾਲਾ ਹੈ। ਕਿਸੇ ਨੂੰ ਵਹੁਟੀ ਸੋਹਣੀ ਮਿਲ ਜਾਏ ਤਾਂ ਸੁਣਨ ਨੂੰ ਮਿਲਦਾ ਹੈ ਕਿ ਬੜੇ ਵੱਡੇ ਭਾਗਾਂ ਵਾਲਾ ਹੈ ਕਿ ਉਸਨੂੰ ਘਰਵਾਲੀ ਸੋਹਣੀ ਤੇ ਖ਼ੂਬਸੂਰਤ ਮਿਲ ਗਈ ਹੈ। ਦੋ ਤਿੰਨ ਦਹਾਕੇ ਪਹਿਲਾਂ ਇੱਕ ਕੋਲਡ ਡਰਿੰਕ ਵੀ ਬਾਜ਼ਾਰ ਵਿੱਚ ਆਇਆ ਸੀ ਜਿਸਦਾ ਨਾਂ ਕਿਸਮਤ ਰੱਖਿਆ ਗਿਆ ਸੀ। ਜਦੋਂ ਕੋਈ ਬੰਦਾ ਉਸ ਡਰਿੰਕ ਨੂੰ ਪੀਣ ਦੀ ਇੱਛਾ ਕਰਦਾ ਤਾਂ ਉਹ ਦੁਕਾਨਦਾਰ ਨੂੰ ਕਹਿੰਦਾ ਲਿਆ ਭਾਈ ਕਿਸਮਤ ਖੋਲ੍ਹ। ਇਸ ਡਰਿੰਕ ਦਾ ਨਾਂ ਕਿਸਮਤ ਇਸ ਵਾਸਤੇ ਰੱਖਿਆ ਗਿਆ ਸੀ ਕਿ ਕਿਸਮਤ ਜਾਂ ਭਾਗਾਂ ਦਾ ਮੂੰਹ ਚੜ੍ਹਿਆ ਮੁਹਾਵਰਾ ਇਸ ਡਰਿੰਕ ਨੂੰ ਮਸ਼ਹੂਰ ਕਰ ਦੇਵੇਗਾ। ਗੱਲ ਕੀ ਹਰ ਵੇਲੇ ਹਰ ਪਾਸੇ ਕਿਸਮਤ ਜਾਂ ਭਾਗਾਂ ਦੀ ਗੱਲ ਸੁਣੀਂਦੀ ਹੈ।

ਚੰਗੇ ਭਾਗ ਜਾਂ ਮਾੜੇ ਭਾਗ ਤਾਂ ਆਮ ਸੁਣਨ ਵਿੱਚ ਆਉਂਦੇ ਹਨ ਪਰ ਅਜਿਹਾ ਘੱਟ ਹੀ ਸੁਣਨ ਵਿੱਚ ਆਉਂਦਾ ਹੈ ਕਿ ਧੰਨ ਹਨ ਫਲਾਣੇ ਬੰਦੇ ਦੇ ਭਾਗ। ਗੁਰੂ ਪਾਤਸ਼ਾਹ ਉਸਦੇ ਭਾਗਾਂ ਨੂੰ ਧਨ ਮੰਨਦੇ ਹਨ, ਜਿਸਦੇ ਹਿਰਦੇ ਦੇ ਅੰਦਰ ਵਾਹਿਗੁਰੂ ਦੇ ਵਾਸ ਦਾ ਅਨੁਭਵ ਹੋ ਜਾਵੇ। ਵਸਦਾ ਤਾਂ ਉਹ ਹਰ ਇੱਕ ਦੇ ਵਿੱਚ ਹੀ ਹੈ।

*ਧੰਨਿ ਧੰਨਿ ਹਮਾਰੈ ਭਾਗ ਘਰਿ ਆਇਆ ਪਿਰੁ ਮੇਰਾ॥*
*ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥* (ਬਿਲਾਵਲ ਮਹਲਾ 5)

ਜਦੋਂ ਅਕਾਲ ਪੁਰਖ ਦੀ ਹੋਂਦ ਦਾ ਅਨੁਭਵ ਹੁੰਦਾ ਹੈ ਤਾਂ ਸੁੱਕੇ ਹਰੇ ਹੋ ਜਾਂਦੇ ਹਨ। ਸੁਖਦਾਈ ਹਰ ਹਰਾ ਸੁਆਮੀ ਅੰਦਰ ਤੇ ਬਾਹਰ ਸਾਕਾਰ ਦਿਸਣ ਲੱਗ ਪੈਂਦਾ ਹੈ। ਉਹ ਮੂੰਹ ਮੱਥਾ, ਘਰ ਬੂਹਾ ਤੇ ਖ਼ੂਬਸੂਰਤ ਹੋ ਜਾਂਦਾ ਹੈ। ਦਿਸਦੇ ਅੰਦਰ ਸੁਆਮੀ ਦਾ ਵਾਸਾ ਪਰਤੀਤ ਹੋਣ ਲੱਗ ਗਿਆ ਹੈ। ਸਭਨੀਂ ਪਾਸੀਂ ਸੁੱਚਾਪਨ ਤਾਜ਼ਗੀ ਤੇ ਹਰਿਆਲੀ ਹੋ ਜਾਂਦੀ ਹੈ। ਪਾਤਸ਼ਾਹ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ ਕਿ ਉਹਨਾਂ ਭਗਤ ਜਨਾਂ ਦੇ ਭਾਗ ਧੰਨ ਹਨ ਜੋ ਆਪਣੇ ਮੁੱਖ ਵਿੱਚੋਂ ਹਰੀ ਨਾਮ ਦਾ ਉਚਾਰਨ ਕਰਦੇ ਹਨ। ਸਹਿਜ ਸੁਭਾਏ ਹਰੀ ਨਾਮ ਉਦੋਂ ਹੀ ਮੂੰਹੋਂ ਨਿਕਲਦਾ ਹੈ ਜਦੋਂ ਅੰਦਰ ਉਸਦੀ ਹੋਂਦ ਦਾ ਇਹਸਾਸ ਹੋ ਜਾਂਦਾ ਹੈ। ਉਹਨਾਂ ਸੰਤਾਂ ਦੇ ਭਾਗ ਵੀ ਧੰਨ ਹਨ ਜੋ ਹਰਿ ਜੀ ਦਾ ਜਸ ਆਪਣੇ ਕੰਨਾਂ ਨਾਲ ਸੁਣਦੇ ਹਨ। ਇੱਥੇ ਇੱਕ ਬੜਾ ਪਿਆਰਾ ਤੱਥ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਸੰਤ ਕੋਈ ਭੇਖ ਨਹੀਂ ਤੇ ਨਾ ਹੀ ਨਿਰਾ ਉਪਦੇਸ਼ਕ, ਬਲਕਿ ਸੰਤ ਇੱਕ ਸੁਭਾਅ ਹੈ। ਇੱਕ ਜੀਵਨ ਚਰਯ ਹੈ। ਇਹ ਗੁਰਸਿੱਖਾਂ ਦੇ ਜੀਵਨ ਜਿਉਣ ਦਾ ਇੱਕ ਢੰਗ ਹੈ। ਬੜੀ ਸੁਆਦਲੀ ਗੱਲ ਹੈ ਕਿ ਸੰਤ ਦੇ ਸੁਭਾਅ ਸਬੰਧੀ ਦੱਸਦਿਆਂ ਗੁਰੂ ਜੀ ਆਖਦੇ ਹਨ ਕਿ ਸੰਤ ਹਰੀ ਜਸ ਸੁਣਦਾ ਹੈ ਤੇ ਸੁਣ ਕੇ ਮਨ ਵਿੱਚ ਵਸਾਉਂਦਾ ਹੈ। ਪਾਤਸ਼ਾਹ ਗੁਣ ਸੰਗ੍ਰਹਿ ਕਰਨ ਅਤੇ ਗੁਣੀ ਜਨ ਬਣਨ ਦੀ ਵਿਧੀ ਦੱਸਦਿਆਂ ਬਚਨ ਕਰਦੇ ਹਨ ਕਿ ਸਾਧ ਸੰਗਤ ਵਿੱਚ ਜਾ ਕੇ ਜਿਹੜੇ ਸੱਜਣ ਗੁਰਬਾਣੀ ਦਾ ਕੀਰਤਨ ਸੁਣਦੇ ਹਨ, ਉਹ ਧੰਨ ਧੰਨ ਹਨ, ਕਿਉਂਕਿ ਅਜਿਹਾ ਕਰਨ ਨਾਲ ਉਹ ਗੁਣੀ ਬਣ ਜਾਂਦੇ ਹਨ। ਅਜਿਹੇ ਪੁਰਖ ਲਾਹਾ ਪ੍ਰਾਪਤ ਕਰਨ ਦੇ ਯੋਗ ਹੁੰਦੇ ਹਨ। ਸਾਧ ਸੰਗਤ ਵਿੱਚ ਸ਼ਾਮਿਲ ਹੋਣ ਵਾਲੇ ਮਨੁੱਖ ਗੁਰੂ ਪਾਤਸ਼ਾਹ ਤੋਂ ਗੁਣ ਪ੍ਰਾਪਤ ਕਰਦੇ ਹਨ ਤੇ ਆਪਸ ਵਿੱਚ ਵੀ ਗੁਣਾਂ ਦੀ ਸਾਂਝ ਪੈਦਾ ਕਰ ਲੈਂਦੇ ਹਨ। ਹੁਕਮ ਹੈ :

*ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ॥*
*ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ॥*
*ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥*
*ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨ ਜਣਤਿਆ॥*
*ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥*

(ਰਾਗ ਸੋਰਠਿ ਵਾਰ ਮਹਲਾ 4, ਸਲੋਕ ਮਹਲਾ 3)

ਉਹਨਾਂ ਗੁਰਮੁਖਾਂ ਦੇ ਭਾਗ ਧਨ ਹਨ ਜੋ ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਮਨ ਨੂੰ ਜਿੱਤ ਲੈਂਦੇ ਹਨ। ਇਹੀ ਭਾਵਨਾ ਹੈ ਮਨ ਜੀਤੇ ਜਗਜੀਤ ਦੀ। ਗੁਰੂ ਦੀ ਮਤਿ ਅੰਞਾਣਿਆਂ ਨੂੰ ਸਿਆਣੇ ਕਰ ਦੇਂਦੀ ਹੈ। ਸਿਆਣਿਆਂ ਦੀ ਸਿੰਞਾਣ ਹੀ ਇਹੀ ਹੈ ਕਿ ਉਹ ਮੁੱਖ ਗੁਰੂ ਵੱਲ ਰੱਖਦੇ ਹਨ। ਸਤਿਗੁਰੂ ਅਕਾਲ ਪੁਰਖ ਨਾਲ ਉਹਨਾਂ ਦੀ ਪ੍ਰੀਤ ਹੁੰਦੀ ਹੈ। ਇਸ ਅਵਸਥਾ ਵਿੱਚ ਪੁੱਜ ਕੇ ਜਿਹੜੀ ਗੱਲ ਉਹ ਕਰਦੇ ਹਨ ਉਸਦੇ ਵਿੱਚ ਵਜ਼ਨ ਹੁੰਦਾ ਹੈ ਤੇ ਉਸਦੀ ਜ਼ੁਬਾਨ ਵਿੱਚ ਸੱਤਿਆ ਹੁੰਦੀ ਹੈ।

ਹੁਣ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਭਗਤਾਂ, ਸੰਤਾਂ, ਸਾਧ ਜਨਾ ਤੇ ਗੁਰਮੁਖਾਂ ਨੇ ਇਹ ਵਿਲੱਖਣ ਤੇ ਅਦੁੱਤੀ ਗੁਣ ਪ੍ਰਾਪਤ ਕਿੱਥੋਂ ਕੀਤੇ। ਉੱਤਰ ਹੈ ਗੁਰੂ ਦੀ ਸ਼ਰਨ ਵਿੱਚੋਂ। ਜਿਹਨਾਂ ਦਾ ਜ਼ਿਕਰ ਉੱਤੇ ਆਇਆ ਹੈ ਉਹਨਾਂ ਦੇ ਭਾਗਾਂ ਨੂੰ ਗੁਰੂ ਪਾਤਸ਼ਾਹ ਧਨ ਧਨ ਆਖਦੇ ਹਨ ਤੇ ਨਾਲ ਹੀ ਫੁਰਮਾਨ ਹੈ ਕਿ ਸਾਰਿਆਂ ਤੋਂ ਵੱਡੇ ਭਾਗ ਗੁਰਸਿੱਖਾਂ ਦੇ ਹਨ। ਇਹ ਕੋਈ ਦਰਜ਼ਾਬੰਦੀ ਨਹੀਂ ਕਿ ਭਗਤ ਛੋਟਾ ਹੈ, ਸੰਤ ਉਸ ਤੋਂ ਵੱਡਾ ਹੈ, ਸਾਧ ਜਨ ਉਸ ਤੋਂ ਵੱਡਾ ਹੈ ਤੇ ਗੁਰਮੁਖ ਹੋਰ ਵੱਡਾ ਹੈ। ਦਰਅਸਲ ਗੱਲ ਇਹ ਹੈ ਕਿ ਭਗਤ, ਸੰਤ, ਸਾਧ ਤੇ ਗੁਰਮੁਖ ਦੇ ਸਾਰੇ ਗੁਣ ਗੁਰਸਿੱਖਾਂ ਦੇ ਅੰਦਰ ਮੌਜੂਦ ਹਨ ਅਤੇ ਗੁਰਸਿੱਖਾਂ ਦੇ ਭਾਗ ਸਭ ਤੋਂ ਵੱਡੇ ਹਨ। ਜੋ ਗੁਰਸਿੱਖ ਬਣ ਗਿਆ, ਉਹ ਆਪਣੇ ਗੁਣ ਗੁਰਸਿੱਖਾਂ ਨੇ ਗੁਰੂ ਪਾਤਸ਼ਾਹ ਦੀ ਸ਼ਰਨ ਵਿੱਚ ਜਾਂ ਚਰਨੀਂ ਲੱਗ ਪ੍ਰਾਪਤ ਕੀਤੇ ਹਨ।

ਇੱਥੇ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ ਕਿ ਕਿਸੇ ਧਨੀ ਧਨਾਢ, ਦੁਨਿਆਵੀ ਸ਼ਕਤੀ ਵਾਲੇ ਜਾਂ ਰਾਜਸੀ ਸ਼ਕਤੀ ਵਾਲੇ ਮਨੁੱਖ ਦੀ ਕਿਸਮਤ ਜਾਂ ਭਾਗਾਂ ਨੂੰ ਧਨ ਨਹੀਂ ਕਿਹਾ। ਗੁਣ ਸੰਗ੍ਰਹਿ ਕਰਨ ਵਾਲੇ ਗੁਰਮੁਖ ਜਨਾਂ ਦੇ ਭਾਗਾਂ ਨੂੰ ਧਨ ਧਨ ਆਖਿਆ ਹੈ। ਜੋ ਗੁਰਸਿੱਖ ਬਣ ਗਿਆ ਉਹ ਸਰਬ ਕਲਾ ਸੰਪੂਰਨ, ਗੁਣ ਖਾਣ, ਗੁਣ ਨਿਧਾਨ, ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਪ੍ਰਚੰਡ ਜੋਤ ਦੇ ਚਾਨਣ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਤੇ ਉਸਦਾ ਮੁੱਖ ਹਲਤ ਪਲਤ ਵਿੱਚ ਉਜਲਾ ਹੁੰਦਾ ਹੈ। ਇਤਨਾ ਵੱਡਾ ਦਰਜਾ ਹੈ ਗੁਰਸਿੱਖ ਦਾ। ਇਸ ਸਬੰਧੀ ਇੱਕ ਘਟਨਾ ਅੱਜਕੱਲ ਅਖਬਾਰਾਂ ਵਿੱਚ ਆਮ ਤੌਰ ਤੇ ਦੇਖ ਰਹੇ ਹਾਂ ਜਿੱਥੇ ਵਰ ਦੀ ਲੋੜ ਸਬੰਧੀ ਇਸ਼ਤਿਹਾਰ ਛਪਦੇ ਹਨ ਉੱਥੇ ਬੜੀ ਢੀਠਾਈ ਤੇ ਬੇਸ਼ਰਮੀ ਨਾਲ ਲਿਖ ਦਿੱਤਾ ਜਾਂਦਾ ਹੈ ਕਿ ਇੱਕ ਕਲੀਨ ਸੇਵਨ ਗੁਰਸਿੱਖ ਜੋ ਆਈ. ਏ. ਐਸ. ਡਾਕਟਰ, ਇੰਜੀਨੀਅਰਿੰਗ ਜਾਂ ਐਮ. ਬੀ. ਏ. ਹੈ ਉਸ ਵਾਸਤੇ ਇੱਕ ਪੜ੍ਹੀ ਲਿਖੀ ਕੰਮ ਕਾਰ ਦੇ ਵਿੱਚ ਸਿਆਣੀ ਲੜਕੀ ਦੀ ਲੋੜ ਹੈ ਤੇ ਉਹ ਜੇ ਨੌਕਰੀ ਲੱਗੀ ਹੋਵੇ ਤਾਂ ਉਸਨੂੰ ਪਹਿਲ ਦਿੱਤੀ ਜਾਵੇਗੀ। ਕਿਤਨਾ ਵੱਡਾ ਮਜ਼ਾਕ ਹੈ ਸਤਿਕਾਰਯੋਗ ਗੁਰੂ ਸਹਿਬਾਨ ਤੇ ਗੁਰਬਾਣੀ ਦਾ ਕਿ ਕੋਈ ਬੰਦਾ ਥੋੜਾ ਕੁ ਜਿੰਨਾਂ ਦੁਨਿਆਵੀ ਧਨ ਜਾਂ ਰੁਤਬਾ ਪ੍ਰਾਪਤ ਕਰਨ ਮਗਰੋਂ ਗੁਰੂ ਦੀ ਹੁਕਮ ਅਦੂਲੀ ਕਰ, ਕੇਸਾਂ ਦੀ ਬੇਅਦਬੀ ਕਰਦਾ ਹੈ ਅਤੇ ਫਿਰ ਵੀ ਆਪਣੇ ਆਪ ਨੂੰ ਗੁਰਸਿੱਖ ਕਹਿਣ ਦਾ ਹੀਆ ਕਰਦਾ ਹੈ। ਗੁਰਸਿੱਖ ਤਾਂ ਉਹ ਹੈ ਜੋ ਗੁਰੂ ਦਾ ਭਾਣਾ ਮੰਨੇ, ਗੁਰੂ ਦੀ ਆਗਿਆ ਵਿੱਚ ਰਹੇ। ਹੁਕਮ ਹੈ :

*ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥*
*ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥*

(ਸਲੋਕ ਵਾਰਾਂ ਤੋਂ ਵਧੀਕ ਸਲੋਕ ਮਹਲਾ 4)

ਹੁਜਤ ਵਜੋਂ ਇਹੋ ਜਿਹੇ ਮਨੁੱਖ ਕਹਿੰਦੇ ਨੇ ਕਿ ਕਿੱਥੇ ਲਿਖੀ ਹੈ ਕੇਸਾਂ ਦੀ ਗੱਲ। ਉੱਥੇ ਤਾਂ ਲਿਖਿਆ ਹੈ ਕਿ ਨਾਮ ਦੇ ਬੋਹਿਥ ਵਿੱਚ ਬੈਠ ਕੇ ਪਾਰ ਹੋਣਾ ਹੈ। ਅਸੀਂ ਅਕਾਲ ਪੁਰਖ ਨੂੰ ਮੰਨਦੇ ਹਾਂ ਤੇ ਗੁਰੂ ਨੂੰ ਵੀ ਮੰਨਦੇ ਹਾਂ। ਕੇਸਾਂ ਦੀ ਕੀ ਲੋੜ ਹੈ। ਗੱਲ ਤਾਂ ਇਹ ਹੈ ਕਿ ਜਿਸ ਮਨੁੱਖ ਨੇ ਅਕਾਲ ਪੁਰਖ ਨੂੰ ਮੰਨਿਆ ਹੈ ਉਹ ਉਸਦੀ ਦਿੱਤੀ ਸਾਬਤ ਸੂਰਤ ਨੂੰ ਥੋੜਾ ਕੀਤਿਆਂ ਉਸ ਨਾਲ ਛੇੜ-ਛਾੜ ਨਹੀਂ ਕਰਦਾ। ਕਲੀਨ ਸ਼ੇਵਨ ਹੋ ਕੇ ਗੁਰਸਿੱਖ ਕਹਿਲਾਣ ਵਾਲਾ ਮਨੋ ਕਲੀਨ (ਸਾਫ) ਨਹੀਂ ਹੈ। ਉਸ ਨੂੰ ਅਸੀਂ ਕੁਲੀਨ ਵੀ ਨਹੀਂ ਕਹਾਂਗੇ, ਕਿਉਂਕਿ ਵਾਹਿਗੁਰੂ ਨੇ ਉਸਨੂੰ ਸਭ ਦੂ ਵਡੇ ਭਾਗਾਂ ਵਾਲਾ ਬਣਾਇਆ ਸੀ, ਪਰ ਉਹ ਗੁਰੂ ਨਾਲੋਂ ਤੋੜ ਕੇ ਨਿਰਾ ਸੰਸਾਰੀ ਜੋੜ ਤੋੜ ਵਿੱਚ ਪੈ ਗਿਆ ਹੈ। ਸਮਝਾਉਣੀਆਂ ਤੇ ਸਮਝੌਤਾ ਚੰਗਾ ਹੈ, ਪਰ ਅਸੂਲਾਂ ਨਾਲ ਕੀਤਾ ਗਿਆ ਸਮਝੌਤਾ ਇੱਕ ਉੱਚੇ ਅਸਥਾਨ ਤੋਂ ਡਿੱਗ ਕੇ ਪਤਿਤਪੁਣੇ ਦੇ ਚਿੱਕੜ ਵਿੱਚ ਖਾਧਾ ਹੋਇਆ ਗੋਤਾ ਹੈ।

*ਸਤਿਗੁਰੂ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥* ■

# ਅਮਲਾਂ ਦੇ ਹੋਣਗੇ ਨਬੇੜੇ

ਕਰਤਾਰ ਸਿੰਘ ਨੀਲਧਾਰੀ
162 ਏ, ਗਰੇਨ ਮਾਰਕੀਟ, ਚੰਡੀਗੜ੍ਹ

ਗੁਰਬਾਣੀ ਤੇ ਗੁਰਮਤਿ ਦੀ ਸੋਝੀ ਸਭ ਤੋਂ ਪਹਿਲਾਂ ਸਵੈ ਪੜਚੋਲ ਲਈ ਪ੍ਰੇਰਦੀ ਹੈ। ਗੁਰਬਾਣੀ ਦਾ ਪਹਿਲਾ ਸੱਤ ਉਸ ਏਕੰਕਾਰ ਦੇ ਉਮਕਾਰ ਦੀ ਪਹਿਚਾਨ, ਪਰੀਭਾਸ਼ਾ ਤੇ ਨਾਮ ਰੂਪ ਵਿੱਚ ਪ੍ਰਗਟ ਹੋਇਆ ਹੈ। ਇਸ ਸੱਤ ਦੇ ਜਪੁ ਕਰਨ ਦੇ ਗੁਰ ਉਪਦੇਸ਼ ਨਾਲ ਇਸ ਸਚੁ ਨੂੰ ਆਦਿ, ਜੁਗਾਦਿ, ਹੈਭੀ ਤੇ ਹੋਸੀ ਦੇ ਸਰਬ ਕਾਲੀ ਸਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਗੁਰਬਾਣੀ ਦਾ ਇਹ ਪੂਰਾ ਮੂਲਮੰਤਰ ਜਦੋਂ ਵਿਆਖਿਆ ਦੇ ਪਹਿਲੇ ਰੂਪ ਨੂੰ ਪਰਗਟ ਕਰਦਾ ਹੈ ਤਾਂ ਆਸਤਿਕ ਬ੍ਰਹਮਾਂਡ ਦੇ ਫੈਲਾਅ ਵਾਲੀ ਸ੍ਰਿਸ਼ਟੀ ਵਿੱਚ ਗੂੰਜ ਉਠਦਾ ਹੈ- ਇਹ ਪ੍ਰਸ਼ਨ:

*ਕਿਵ ਸਚਿਆਰਾ ਹੋਈਐ?*
*ਕਿਵ ਕੂੜੇ ਤੁਟੈ ਪਾਲਿ?*

ਸ੍ਰਿਸ਼ਟੀ ਦੇ ਸਾਰੀ ਜਿਗਿਆਸਾਵਾਂ ਨੂੰ ਕੁੱਜੇ ਵਿੱਚੋਂ ਪ੍ਰਗਟ ਕਰਨ ਵਾਲੇ ਇਸ ਪ੍ਰਸ਼ਨ ਦਾ ਉੱਤਰ ਵੀ ਉੱਨਾ ਹੀ ਦੀਰਘ ਹੈ ਅਤੇ ਗਿਆਨ ਦੇ ਸਾਰੇ ਸੋਮਿਆਂ ਦਾ ਤੱਤ ਦਰਸ਼ੀ ਬਣ ਕੇ ਚੇਤਨਾ ਦੇ ਰਿਹਾ ਹੈ:

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥੧॥*

ਸੰਸਾਰ ਦੀ ਬਿਨਸਨਹਾਰ ਰਚਨਾ ਦਾ ਪਹਿਲਾ ਸਬੂਤ ਹੈ ਕਿ ਹਰ ਪਲ ਨਵੇਂ ਜੰਮੇ ਬੱਚਿਆਂ ਦੇ ਸਮਾਚਾਰ ਨਾਲ ਮ੍ਰਿਤ ਸਮਾਚਾਰ ਇਸ ਕਾਲ ਚੱਕਰ ਦੀ ਅਸੀਮ ਸੀਮਾ ਦਸ ਰਹੇ ਹਨ। ਇਸੇ ਕਰਕੇ ਸਵੈ ਪੜਚੋਲ ਕਰਨ ਦੀ ਲੋੜ ਪੈਂਦੀ ਹੈ- ਖਾਕੀ ਪੁਤਲਾ ਮਿੱਟੀ ਦਾ ਘੜਿਆ, ਬੇਬੁਨਿਆਦ ਸੋਹਣਿਆ! ਕੂੜ ਦੇ ਨਿਖੇੜ ਲਈ ਅਤੇ ਸੱਚ ਨਾਲ ਜੋੜ ਕਰਨ ਲਈ ਸਵੈ ਸਮਰਪਨ ਕਰਕੇ ਇੱਕ ਅਗੰਮੀ ਹੁਕਮ ਦੀ ਪ੍ਰਵਾਨਗੀ ਦੀ ਵਿਆਖਿਆ ਵਿੱਚ ਸਾਰੇ ਪੜਾਵ ਲੰਘ ਕੇ "ਸਚ ਖੰਡਿ ਵਸੈ ਨਿਰੰਕਾਰੁ" ਦੀ ਗੁਰੂ ਗਿਆਨ ਦੀ ਮੰਜਿਲ ਤੇ ਪੁੱਜਣ ਦੇ ਸ਼ਾਬਦਿਕ ਦਰਸ਼ਨ ਅਧਿਆਤਮਿਕ ਸਾਧਨਾ ਨਾਲ ਕਲਪਨਾ ਨੂੰ ਸਾਕਾਰ ਕਰਦੇ ਹਨ। ਅਜਿਹੀ ਘਾਲਣਾ ਕੁਠਾਲੀ ਵਿਚਲੇ ਬਿੰਬ ਰਾਹੀਂ ਅਸ਼ੁਧ ਗਹਿਣੇ ਤੋਂ ਕੁੰਦਨ ਹੋਣ ਦਾ ਮਾਰਗ ਦਸਦੀ ਹੈ। ਇਸ ਟਕਸਾਲੀ ਬਣਤਰ ਲਈ ਸੱਚੀ ਸਾਧਨਾ ਦੇ ਨਾਲ ਵੀ ਸਫਲਤਾ ਲਈ "ਨਦਰਿ ਕਰਮੁ" ਜਾਂ ਬਖਸ਼ਿਸ਼ ਦੀ ਲੋੜ ਹੁੰਦੀ ਹੈ। ਹੁਕਮ ਦੀ ਇਹ ਪਰੀਕਾਸ਼ਟਾ ਹੈ ਕਿ ਸਾਧਕ ਗੁਰੂ ਕਿਰਪਾ ਨਾਲ ਪੂਰੇ ਮਨੋਯੋਗ ਨਾਲ ਸਾਧਨਾ ਕਰਕੇ ਵੀ ਗੁਰ ਪ੍ਰਸਾਦਿ ਦਵਾਰਾ ਹੀ ਹਰੇਕ ਮੰਜਿਲ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਤਰ੍ਹਾਂ ਇੱਕ ਐਸੇ ਮੁਕਾਮ ਤੋਂ ਸ਼ੁਰੂ ਕਰਨਾ ਪੈਂਦਾ ਹੈ ਜਿਸ ਨੂੰ ਸੂਫੀ ਕਹਿੰਦੇ ਹਨ ਫਨਾਂਹ ਫਿੱਲਾ ਅਤੇ ਗੁਰਬਾਣੀ ਥਾਂ ਥਾਂ ਤੇ ਕਹਿ ਰਹੀ ਹੈ:

*ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ?*

ਕਿਸੇ ਸ਼ਾਇਰ ਨੇ ਕਿਹਾ ਹੈ- ਦਾਨਾਂ ਖਾਕ ਮੇਂ ਮਿਲਕੇ ਗੁਲੇ ਗੁਜਾਰ ਹੋਤਾ ਹੈ।

ਖਾਕ ਵਿੱਚ ਮਿਲੇ ਦਾਣੇ ਲਈ ਹਲ-ਸੁਹਾਗਾ ਤੇ ਹੋਰ ਕਰਿਸ਼ੀ ਮਿਹਨਤ ਕਰਨ ਦੇ ਬਾਵਜੂਦ ਮਗਰੋਂ ਅਣਮਿਥੇ ਹੜ ਆ ਜਾਣ ਜਾਂ ਖੜ੍ਹੀ ਫਸਲਾਂ ਨੂੰ ਅੱਗ ਲਗ ਜਾਵੇ ਜਾਂ ਮੰਡੀਆਂ ਵਿੱਚ ਹੀ ਰੁੱਲ ਜਾਵੇ ਤਾਂ ਫੇਰ? ਗੁਰਬਾਣੀ ਦੇ ਤੱਤ ਗਿਆਨ ਤੇ ਸੰਸਾਰੀ ਆਖਿਆਨ ਦਾ ਇਹੋ ਅੰਤਰ ਹੈ।

ਵਰਤਨ ਰੂਪ ਵਿੱਚ ਹਰੇਕ ਮਨੁੱਖ ਨਿੱਜੀ ਕਰਮ ਸਿਧਾਂਤ ਨਾਲ ਜੁੜਿਆ ਹੋਇਆ ਹੈ:

*ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ।*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।*

ਕਰਮ ਸਿੱਧਾਂਤ ਨਾਲ ਹੀ ਮਨੁੱਖੀ ਸਭਿਅਤਾ ਨੂੰ ਮਰਯਾਦਾ ਅਧੀਨ ਕਰਕੇ ਸਭਿਅਚਾਰਕ ਮਾਹੌਲ ਸਿਰਜਿਆ ਗਿਆ। ਮਨੁੱਖੀ ਸਭਿਅਤਾ ਦੇ ਪਹਿਲੇ ਪੜਾਵਾਂ ਵਿੱਚ ਚਲ ਰਹੀ ਕਬੀਲੇਦਾਰੀ ਤੇ ਕਬੀਲਦਾਰੀ ਸਮਾਜ ਦਾ ਪਹਿਲਾ ਸਰੂਪ ਸੀ। ਮਗਰੋਂ ਰਾਜ ਪਰੰਪਰਾ ਦੀ ਸ਼ੁਰੂਆਤ ਹੋਈ ਤੇ ਸਮਾਜਕ ਨਿਆਂ ਪ੍ਰਣਾਲੀ ਨੇ ਰਾਜ ਨਿਯਮਾਂ ਦਾ ਰੂਪ ਲੈ ਕੇ ਸਮਾਜਕ ਸਭਿਆਚਾਰ ਨੂੰ ਰਾਜ ਦੰਡ ਦੇ ਅਧੀਨ ਕਰ ਦਿੱਤਾ।

ਸਮਾਜ ਜਾਂ ਕਬੀਲੇ ਦੀ ਛੋਟੀ ਬਣਤਰ ਕਾਰਣ ਸਮਾਜ ਵਿਰੋਧੀ ਵਿਵਹਾਰ ਕਰਨ ਵਾਲਾ ਦੰਡ ਜ਼ਰੂਰ ਭੁਗਤਦਾ ਸੀ, ਪਰ ਰਾਜ ਪ੍ਰਬੰਧਾਂ ਵਿੱਚ ਭ੍ਰਸ਼ਟ ਆਚਰਣ ਵਾਲੇ, ਦੰਡ ਅਧਿਕਾਰੀਆਂ ਨੂੰ ਹੀ ਪ੍ਰਭਾਵਿਤ ਕਰਨ ਦੇ ਉਪਰਾਲੇ ਕਰਦੇ ਆ ਰਹੇ ਹਨ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਕਰਤਾ ਨੇ ਮਨੁੱਖੀ ਕਰਮਾਂ ਦਾ ਨਿਆਂ ਕਰਨ ਵਾਸਤੇ ਇੱਕ ਪੱਕਾ ਅਧਿਕਾਰੀ ਧਰਮਰਾਜ ਦੇ ਨਾਮ ਦਾ ਨਿਯੁਕਤ ਕੀਤਾ ਹੈ। ਪੂਰਬਲੇ ਕਰਮਾਂ ਅਨੁਸਾਰ ਮਿਲੀ ਉਮਰ ਦੇ ਪੂਰਾ ਹੋਣ ਉੱਤੇ ਇਹ ਧਰਮ ਰਾਜ ਹੀ ਯਮਰਾਜ ਬਣ ਕੇ ਮਨੁੱਖ ਦੀ ਜੀਵਨ ਲੀਲਾ ਨੂੰ ਖਤਮ ਕਰਕੇ ਇਸ ਦੀ ਪ੍ਰਾਣ ਸ਼ਕਤੀ ਅਥਵਾ ਆਤਮਾ ਨੂੰ ਨਿਆਂ ਪਾਲਿਕਾ ਵਿੱਚ ਪ੍ਰਸਤੁਤ ਕਰਨ ਦਾ ਪ੍ਰਬੰਧ ਕਰਦਾ ਹੈ:

*ਆਪੀ ਨੈ, ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ।*
*ਵਡਾ ਹੋਆ ਦੁਨੀਦਾਰ।*
*ਗਲਿ ਸੰਗਲ ਘਤਿ ਚਲਾਇਆ।*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ*

(ਆਸਾ ਦੀ ਵਾਰ ਪਉੜੀ ਤੀਜੀ ਦਾ ਅੰਸ਼)

ਇਸੇ ਪਉੜੀ ਵਿੱਚ ਪਾਪ ਕਰਮੀ ਜੀਵ ਆਤਮਾ ਦੀ ਛਿਤਰੌੜ ਦਾ ਬਿਆਨ ਬੜਾ ਰੋਚਕ ਹੈ:

*ਥਾਉ ਨ ਹੋਵਈ ਪਉਦੀਈ*
*ਹੁਣਿ ਸੁਣੀਐ ਕਿਆ ਰੁਆਇਆ?*
*ਮਨਿ ਅੰਧੈ ਜਨਮੁ ਗਵਾਇਆ॥੩॥*

ਗੁਰਮਤਿ ਅਨੁਸਾਰ ਮਨੁੱਖ ਨੂੰ ਇਸੇ ਲਈ ਸਵੈ ਪੜਚੋਲ ਦੀ ਲੋੜ ਹੈ ਕਿ ਮਨ ਨੂੰ ਇੰਦ੍ਰੀਆਂ ਦੇ ਸੁਖ ਦਾ ਗੁਲਾਮ ਬਣਾ ਕੇ ਜਨਮ ਜੂਏ ਨਾ ਹਾਰ ਜਾਏ। ਮਨ ਪ੍ਰਥਾਏ ਗੁਰਬਾਣੀ ਸਪਸ਼ਟ ਮਾਰਗ ਦਰਸ਼ਨ ਕਰਦੀ ਹੈ:

ਸਵੈ ਪੜਚੋਲ ਵਿੱਚ ਸਪਸ਼ਟ ਹੈ ਕਿ ਮਨੁੱਖ ਦਾ ਜਨਮ ਨਰ-ਮਾਦਾ ਸ਼ਰੀਰ ਭੋਗ ਦੇ ਸਿੱਧਾਂਤ ਨਾਲ ਜੁੜੇ ਵਿਰੋਧੀ ਤੱਤਾਂ ਦੇ ਸੁਮੇਲ ਨਾਲ ਹੁੰਦਾ। ਇਸ ਕ੍ਰਿਆ ਨੂੰ ਕਾਮ ਜਾਂ ਸੈਕਸ ਸ਼ਕਤੀ ਕਿਹਾ ਜਾਂਦਾ ਹੈ ਅਤੇ ਦੇਸ ਤੇ ਸਮਾਜ ਦੇ ਬਹੁਤੇ ਅਪਰਾਧ ਇਸ ਸ਼ਕਤੀ ਦੇ ਅਸੰਤੁਲਿਤ ਵਿਵਹਾਰ ਨਾਲ ਜੁੜੇ ਹੋਏ ਹਨ। ਸੰਸਾਰ ਵਿੱਚ ਸਮਾਜਕ ਪ੍ਰਾਣੀ ਨੂੰ ਸਾਰਾ ਵਿਵਹਾਰ ਅਰਥ ਅਧੀਨ ਹੋ ਕੇ ਕਰਨਾ ਪੈਂਦਾ ਹੈ ਅਤੇ ਅਰਥ ਦੀ ਅਸੀਮਤ ਲਾਲਸਾ ਨਵੇਂ ਅਪਰਾਧਾਂ ਨੂੰ ਜਨਮ ਦਿੰਦੀ ਹੈ। ਅਰਥ ਪ੍ਰਣਾਲੀ ਦੇ ਅਧੀਨ ਰਹਿਣ ਲਈ ਮਕਾਨ ਦੀ ਜ਼ਮੀਨ ਤੋਂ ਅਲਾਵਾ ਭੋਜਨ ਦੀ ਸਾਰੀ ਨਿਰਭਰਤਾ ਵੀ ਜ਼ਮੀਨ ਤੋਂ ਉਪਜੀ ਕਰਿਸ਼ੀ ਉਪਜ ਉੱਤੇ ਨਿਰਭਰ ਕਰਦੀ ਹੈ। ਇਹ ਗਲ ਵੱਖਰੀ ਹੈ ਕਿ ਸੰਗਲ ਦੇ ਕਾਨੂੰਨ ਅਨੁਸਾਰ ਮਨੁੱਖੀ ਸੋਚਾਂ ਵਿੱਚ ਪਸ਼ੂ-ਪੰਖੀਆਂ ਦੇ ਮਾਸ ਨੂੰ ਵਰਤਨ ਲਈ ਵੀ ਸਿਧਾਂਤਕ ਪੱਖ ਪੂਰਤੀ ਦੇ ਹਰਬੇ-ਦੜਬੇ ਚਿਤਰੇ ਗਏ ਹਨ।

ਗੁਰਬਾਣੀ ਪ੍ਰਦੱਤ ਗੁਰਮਤਿ ਮਨੁੱਖੀ ਜੀਵਨ ਸੰਸਾਰੀ ਵਿਵਹਾਰ ਦੇ ਬਿੰਬਾਂ ਰਾਹੀਂ ਆਤਮਿਕ ਉੱਨਤੀ ਲਈ ਪ੍ਰੇਰਦੀ ਹੈ। ਪਰ ਇਹ ਆਤਮਿਕ ਉਨਤੀ ਸੰਸਾਰ ਜਾਂ ਸਮਾਜ ਵਿੱਚ ਅਸੰਤੁਲਨ ਪੈਦਾ ਕਰਨ ਵਾਲੇ ਮਨੁੱਖ ਲਈ ਕਦਾਚਿਤ ਸੰਭਵ ਨਹੀਂ। ਇਸੇ ਲਈ ਕੁਠਾਲੀ ਵਿੱਚ ਤਪਣ ਦੇ ਬਿੰਬ ਨੂੰ ਟਕਸਾਲੀ ਮੰਜਿਲ ਦਾ ਸਫਰ ਦਸਿਆ ਗਿਆ ਹੈ। ਤਪ ਸਾਧਨਾ ਦੀ ਕੁਠਾਲੀ ਵਿੱਚ ਖੋਟ ਤਾਂ ਕੱਢੀ ਜਾ ਸਕਦੀ ਹੈ ਪਰ ਕਿਸੇ ਹੋਰ ਧਾਤੂ ਨੂੰ ਕੁੰਦਨ ਨਹੀਂ ਬਣਾਇਆ ਜਾ ਸਕਦਾ। ਗੁਰੂ ਦੀ ਪਾਰਸ ਛੂਹ ਨਾਲ ਲੋਹਾ ਵੀ ਸੋਨਾ ਬਣ ਜਾਂਦਾ ਹੈ ਪਰ ਪਾਰਸ ਛੂਹ ਦਾ ਅਧਿਕਾਰੀ ਬਣਨ ਲਈ ਕਿੰਨੇ ਜਨਮਾਂ ਦੀ ਸਾਧਨਾ ਦੀ ਲੋੜ ਹੈ ਇਸ ਬਾਰੇ ਵਿਸਤਾਰ ਦੇ ਡਰ ਤੋਂ ਸੰਜਮ ਵਰਤਿਆਂ ਜਾ ਰਿਹਾ ਹੈ। ਇਹ ਕੋਈ ਵਿਵਾਦ ਦਾ ਵਿਸ਼ਾ ਨਹੀਂ ਕੇਵਲ ਅਤੇ ਕੇਵਲ ਸਵੈ ਸਾਧਨਾ ਅਤੇ ਸਮਾਜ ਵਿੱਚ ਧਰਮ ਪ੍ਰਵਾਨ ਸੰਤੁਲਿਤ ਸੱਭਿਆਚਾਰਿਕ ਵਿਵਹਾਰ ਤੇ ਟਿਕਿਆ ਸਿੱਧਾਂਤ ਹੈ। ਪਾਤੰਜਲੀ ਰਿਸ਼ੀ ਕਹਿੰਦੇ ਹਨ- ਇੰਦ੍ਰੀਆਂ ਦਾ ਨਿਰੋਧ ਹੀ ਯੋਗ ਹੈ। ਇੰਦ੍ਰੀਆਂ ਵਲੋਂ ਉਪਜਾਈ ਲਾਲਸਾ ਵਿੱਚ ਸ਼ਰੀਰ ਭੋਗ ਤੇ ਭੋਜਨ ਭੋਗ ਪ੍ਰਮੁੱਖ ਹਨ। ਅਮਲੀ ਕਤਾਰ ਵਿੱਚ ਜੀਭ, ਕੰਨਾ, ਅੱਖਾਂ ਦੇ ਰਸ ਸੁਮਾਰ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਅਸੰਤੁਲਿਤ ਪ੍ਰਵਿਰਤੀ ਨੂੰ ਗੁਰਬਾਣੀ ਵਿੱਚ ਸ਼ੁਦ੍ਰਕ ਜਾਂ ਅਛੂਤ ਜਾਂ ਸੂਤਕ ਕਿਹਾ ਹੈ:

*ਮਨ ਕਾ ਸੂਤਕ ਲੋਭ ਹੈ*
*ਜਿਹਵਾ ਸੂਤਕੁ ਕੂੜ।*
*ਅਖੀ ਸੂਤਕੁ ਵੇਖਣਾ*
*ਪਰਤ੍ਰਿਆ ਪਰਧਨ ਰੂਪੁ।*
*ਕੰਨੀ ਸੂਤਕੁ ਕੰਨਿ ਪੈ*
*ਲਾਇ ਤਬਾਰੀ ਖਾਹਿ।*

(ਆਸਾ ਦੀ ਵਾਰ ਅਠਾਰਵੀ ਪਾਉੜੀ ਦਾ ਦੂਜਾ ਸ਼ਲੋਕ)

ਇੰਦ੍ਰੀਆਂ ਦੀ ਇਸ ਗੁਲਾਮੀ ਦਾ ਨਤੀਜਾ ਕੀ ਨਿਕਲਿਆ ਅਖੀਰਲੀ ਤੁਕ ਵਿੱਚ ਸਪਸ਼ਟ ਕੀਤਾ ਹੈ:

*ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥੨॥*

ਇਸ ਤਰ੍ਹਾਂ ਜਦੋਂ ਅਸੀਂ ਸਵੈ ਪੜਚੋਲ ਕਰਦੇ ਹਾਂ ਸਮਾਜਕ ਸੰਤੁਲਨ ਰੱਖਣ ਵਾਲੇ ਨਿਯਮ ਤੇ ਸੱਭਿਆਚਾਰ ਦੀ ਸੋਝੀ ਆਪ ਹੀ ਆ ਜਾਂਦੀ ਹੈ। ਇਹ ਸੋਝੀ ਸੰਤਾਂ-ਮਹਾਂ ਪੁਰਸ਼ਾਂ ਦੀ ਸੰਗਤ ਵਿੱਚੋਂ ਹੀ ਪਰਪੱਕ ਹੁੰਦੀ ਹੈ ਤੇ ਗੁਰੂਆਂ ਦਵਾਰੇ ਉਚਾਰੇ ਬ੍ਰਹਮ ਵਿਚਾਰ ਰੂਪੀ ਗੁਰਬਾਣੀ ਦਾ ਚਿੰਤਨ ਕਰਕੇ ਮਿਲਦੀ ਹੈ। ਗੁਰਬਾਣੀ ਵਾਸਤਵ ਵਿੱਚ ਸਿੱਖ ਅਤੇ ਗੁਰੂ ਦਾ ਸੰਵਾਦ ਹੀ ਹੈ। ਜਦੋਂ ਗੁਰਬਾਣੀ ਨੂੰ ਟਿੱਕ ਕੇ ਪੜ੍ਹਿਆ ਜਾਂਦਾ ਹੈ ਅਤੇ ਅਰਥ ਬੋਧ ਲਿਆ ਜਾਂਦਾ ਹੈ ਤਾਂ ਹੀ ਅਸੀਂ ਗੁਰਬਾਣੀ ਗੁਰੂ ਦੇ ਸਨਮੁਖ ਹੁੰਦੇ ਹਾਂ। ਜਦੋਂ ਇਸ ਗੁਰੂ ਉਪਦੇਸ਼ ਨਾਲ ਜੀਵਨ ਵਿਵਹਾਰ ਢਾਲਿਆ ਜਾਵੇ ਤਾਂ ਹੀ ਸਿੱਖ ਸੰਗਿਆ ਸਾਰਥਕ ਹੁੰਦੀ ਹੈ। ਸਵੇਰੇ, ਸ਼ਾਮ ਤੇ ਰਾਤ ਦੇ ਗੁਰਬਾਣੀ ਨਿਤਨੇਮ ਦਾ ਮਕਸਦ ਇਹੋ ਹੈ ਕਿ ਪਾਠਕ ਵਿਅਕਤੀ ਦਾ ਮਨ ਚਿੰਤਨ ਵਲ ਜੁੜ ਕੇ ਸਿੱਖ ਪਰੀਭਾਸ਼ਾ ਨੂੰ ਸਚਾਈ ਬਣਾਨ ਦੇ ਰਾਹ ਤੇ ਤੁਰੇ। ਹਰੇਕ ਵਿਅਕਤੀ ਜਾਂ ਸਿੱਖ ਦੀ ਨਿੱਜੀ ਚਿੰਤਾ ਦਾ ਵਿਸ਼ਾ ਭੋਗਾਂ ਰਾਹੀਂ ਹੁੰਦੇ ਵਿਖੰਡਨ ਨੂੰ ਵਿਚਾਰ ਕੇ ਚਿੱਤ ਸ਼ਕਤੀ ਦੇ ਮੰਡਨ ਨਾਲ ਜੁੜਨਾ ਜ਼ਰੂਰੀ ਹੋ ਜਾਂਦਾ ਹੈ।

ਜਨਮ ਸਮੇਂ ਕਿਸੇ ਬੱਚੇ ਦਾ ਕੋਈ ਧਰਮ ਨਹੀਂ ਹੁੰਦਾ ਕੇਵਲ ਲਿੰਗਕ ਪਹਿਚਾਨ ਹੁੰਦੀ ਹੈ ਲੜਕਾ ਕੇ ਲੜਕੀ। ਜਨਮਜਾਤ ਸੰਸਕਾਰਾਂ ਦਾ ਅੰਸ਼ ਮਾਤਾ ਪਿਤਾ ਦੇ ਰਕਤ ਬਿੰਦ ਤੋਂ ਜ਼ਰੂਰ ਮਿਲਦਾ ਹੈ, ਪਰ ਧਰਮ ਨਾਮ ਦੀ ਪਹਿਚਾਨ ਵੀ ਪਰੀਵਾਰ ਹੀ ਦਿੰਦਾ ਹੈ ਅਤੇ ਭਾਸ਼ਾ ਦਾ ਬਹਿਰ ਵੀ ਦੇਸ ਅਨੁਸਾਰ ਬਣਦਾ ਹੈ। ਅਜਿਹੀ ਸਰਬਸਾਂਝੀ ਪਰੀ-ਸਥਿਤੀਆਂ ਵਿੱਚ ਕੀ ਧਰਮ ਅਤੇ ਭਾਸ਼ਾ ਮਨੁੱਖੀ ਸਮਾਜ ਦੇ ਵਿਵਾਦ ਦਾ ਕਾਰਣ ਹੋਣੇ ਚਾਹੀਦੇ ਹਨ ਜਾਂ ਗੁਰਬਾਣੀ ਸਿੱਧਾਂਤ ਦੇ ਪੋਸ਼ਕ ਹੋਣੇ ਚਾਹੀਦੇ ਹਨ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"

ਗੁਰੂਆਂ ਨੇ ਗੁਰਬਾਣੀ ਰਾਹੀਂ ਮਨੁਖ ਸਮਾਜ ਤੇ ਸੰਸਾਰ ਦੇ ਸਰਬ ਸਾਂਝੇ ਸਰੂਪ ਦਾ ਜੋ ਸਿੱਧਾਂਤ ਸੰਸਾਰ ਵਿੱਚ ਪੇਸ਼ ਕੀਤਾ ਹੈ ਉਸ ਉੱਤੇ ਅਮਲ ਕਰਨਾ ਹਰ ਇੱਕ ਗੁਰੂ ਨਾਮ ਲੇਵਾ ਮਨੁੱਖ ਦਾ ਕਰਤਬ ਹੈ ਤਾਂ ਹੀ ਸਿੱਖ ਸੰਗਿਆ ਸਾਰਥਕ ਹੋ ਸਕਦੀ ਹੈ। ਸੰਸਾਰ ਵਿੱਚ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਭਰੇ ਵਿਵਹਾਰ ਦੇ ਪੰਜ ਔਗੁਣਾਂ ਵਿੱਚ ਇੱਕ ਨਾਲ ਜੁੜੇ ਅਸੰਤੁਲਨ ਨਾਲ ਜੋ ਪਾਪਚਾਰ ਹੁੰਦਾ ਹੈ ਉਸ ਨਾਲ ਸੰਸਾਰ ਵਿੱਚ ਜੋ ਕੁਝ ਹੋ ਰਿਹਾ ਹੈ ਉਸਦੇ ਪ੍ਰਤੱਖ ਦਰਸ਼ੀ ਹਰੇਕ ਮਨੁੱਖ ਹੈ। ਐਸੇ ਵਿਚਾਰ ਹੀਨ ਜੀਵਨ ਦੀ ਸਮਾਪਤੀ ਪ੍ਰਤੀ ਗੁਰਬਾਣੀ ਦ੍ਰਿਸ਼ਟਾਂਤ ਦਾ ਚਿੰਤਨ ਹੀ ਮਨੁਖਤਾ ਦਾ ਕਲਿਆਨ ਕਰ ਸਕਦਾ ਹੈ:

ਪਉੜੀ *ਕਪੜੁ ਰੂਪੁ ਸੁਹਾਵਣਾ।*
*ਛਡਿ ਦੁਨੀਆ ਅੰਦਰਿ ਜਾਵਣਾ।*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।*
*ਹੁਕਮਿ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ।*
*ਨੰਗਾ ਦੋਜਕਿ ਚਾਲਿਆ*
*ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥੧੪॥*

ਮਰੇ ਹੋਏ ਮਨੁੱਖ ਦਾ ਧਰਮ ਅੰਤਿਮ ਕਿਰਯਾ ਕਰਮ ਨਾਲ ਹੀ ਜੁੜਿਆ ਰਹਿ ਜਾਂਦਾ ਹੈ ਤੇ ਉਪਰੋਕਤ ਨਾਟਕੀ ਗੁਰੂ ਚਿੰਤਨ ਅਮਲੀ ਜੀਵਨ ਦਾ ਸੱਦਾ ਦੇ ਰਿਹਾ ਹੈ। ■

# ਮਹਾਨ ਕੀਰਤਨੀਏ
# ਭਾਈ ਸਾਹਿਬ ਭਾਈ ਬਖਸ਼ੀਸ ਸਿੰਘ ਜੀ

ਪ੍ਰੋ. ਰਾਜਿੰਦਰ ਕੌਰ
**(ਸਪੁੱਤਰੀ ਭਾਈ ਬਖਸ਼ੀਸ ਸਿੰਘ)**
51, ਸਰਹੰਦ ਰੋਡ, ਪਟਿਆਲਾ

ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਬਖਸ਼ੀਸ ਸਿੰਘ ਨੇ ਸਿੱਖ ਜਗਤ ਦੀ ਕੀਰਤਨ ਟਕਸਾਲ ਨੂੰ ਨਿਖਾਰਨ, ਪ੍ਰਚਾਰਨ, ਪ੍ਰਸਾਰਨ ਅਤੇ ਕਾਇਮ ਕਰਨ ਵਿੱਚ ਜੋ ਅਹਿਮ ਭੂਮਿਕਾ ਨਿਭਾਈ ਹੈ, ਉਹ ਕਦੇ ਵੀ ਭੁਲਾਈ ਨਹੀਂ ਜਾ ਸਕਦੀ। ਸਿੱਖ ਸੰਗਤਾਂ ਵਿੱਚ ਕੀਰਤਨ ਪ੍ਰਤੀ ਜੋ ਪਿਆਰ, ਸਤਿਕਾਰ, ਸ਼ਰਧਾ ਅਤੇ ਲਗਨ ਉਹਨਾਂ ਨੇ ਭਰਿਆ ਸੱਚਮੁਚ ਉਹੀ ਉਹਨਾਂ ਦੀ ਸੰਸਾਰ ਵਿਆਪੀ ਪ੍ਰਸੰਸਾ ਅਤੇ ਪ੍ਰਸਿੱਧੀ ਦਾ ਕਾਰਨ ਬਣਿਆ।

ਇੱਕ ਕੀਰਤਨੀਏ ਪਰਿਵਾਰ ਵਿੱਚ 29 ਜੂਨ 1933 ਨੂੰ ਮਾਤਾ ਬੀਬੀ ਰਾਮ ਕੌਰ, ਪਿਤਾ ਰਾਗੀ ਕਿਰਪਾਲ ਸਿੰਘ ਅਤੇ ਦਾਦਾ ਰਾਗੀ ਜਵਾਲਾ ਸਿੰਘ ਤੋਂ ਕੀਰਤਨ ਦੀ ਦਾਤ ਪ੍ਰਾਪਤ ਕਰਕੇ ਭਾਈ ਸਾਹਿਬ ਨੇ ਆਪਣੀ ਆਰਜਾ ਦੇ ਕੋਈ 40 ਸਾਲ ਦਮਦਾਰ ਆਵਾਜ਼ ਵਿੱਚ ਰੂਹਦਾਰ ਕੀਰਤਨ ਕਰਕੇ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ।

ਬਾਲ ਉਮਰੇ ਸੰਤ ਬਾਬਾ ਜਵਾਲਾ ਸਿੰਘ ਹਰਖੋ ਵਾਲਿਆਂ ਨੂੰ ਆਪਣੀ ਉੱਚੀ ਤੇ ਰਸੀਲੀ ਆਵਾਜ਼ ਵਿੱਚ ਜਦੋਂ ਆਪਨੇ ਸ਼ਬਦ ਸੁਣਾਇਆ ਤਾਂ ਬਾਬਾ ਜੀ ਨੇ ਥਾਪੜਾ ਦੇਂਦਿਆਂ ਕਿ ਇਹ ਬਾਲ ਵੱਡਾ ਹੋ ਕੇ ਗੁਰੂ ਘਰ ਦਾ ਵੱਡਾ ਹੀ ਕੀਰਤਨੀਆਂ ਬਣੇਗਾ। ਇਹ ਗੱਲ ਉਹ ਆਪਣੀ ਜੁਬਾਨੀ ਆਪਣੀ ਉਮਰ ਦੇ ਅਖੀਰਲੇ ਦਿਨਾਂ ਵਿੱਚ ਅਕਸਰ ਉਹ ਮਹਾਂਪੁਰਸ਼ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਨੂੰ ਸੁਣਾਉਂਦੇ, ਜਿੱਥੇ ਉਹਨਾਂ ਨੇ ਆਪਣੀ ਉਮਰ ਦੇ ਅਖੀਰਲੇ ਸਾਲਾਂ ਵਿੱਚ ਕੀਰਤਨ ਕੀਤਾ ਤੇ ਬਾਬਾ ਜੀ ਦੀਆਂ ਖੁਸ਼ੀਆਂ ਵੀ ਲਈਆਂ। ਉਹ ਇਹ ਵੀ ਦੱਸਦੇ ਕਿ ਜਦੋਂ ਮੈਂ ਬਾਲ ਉਮਰੇ ਆਪਣੇ ਪਿਤਾ ਜੀ ਦੀ ਸੰਗਤ ਵਿੱਚ ਸਵੇਰੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵਿਖੇ ਆਸਾ ਦੀ ਵਾਰ ਬੜੀ ਉੱਚੀ ਉੱਚੀ ਕਿਲਕਾਰੀਆਂ ਮਾਰ ਕੇ ਗਾਉਂਦਾ ਤਾਂ ਸੰਗਤ ਬੇਹੱਦ ਖੁਸ਼ ਹੋ ਕੇ ਦਿਲੀ ਦੁਆਵਾਂ ਵੀ ਦਿੰਦੀ।

ਦਰਸ਼ਨੀ ਪ੍ਰਭਾਵ ਵਾਲੇ ਭਾਈ ਸਾਹਿਬ ਦੀ ਕੀਰਤਨ ਸ਼ੈਲੀ ਦੀਆਂ ਅਨੇਕ ਵਿਲੱਖਣ ਵਿਸ਼ੇਸ਼ਤਾਵਾਂ ਹਨ ਜਿਹਾ ਕਿ ਬਾਣੀ ਦਾ ਕੰਠ ਹੋਣਾ, ਗੁਰਬਾਣੀ ਵਿਆਕਰਣ ਵਿਧੀ ਵਿਧਾਨ ਦੀ ਸੂਝ, ਗੁਰਬਾਣੀ ਉਚਾਰ ਦੀ ਸ਼ੁਧਤਾ ਤੇ ਸ਼ਪਸਟਤਾ, ਗੁਰਬਾਣੀ ਫਲਸਫੇ ਅਤੇ ਭਾਵਾਂ ਦੀ ਡੂੰਘਿਆਈ ਦੀ ਸਮਝ, ਧੁਰੋਂ ਮਿਲਿਆ ਸੁਰੀਲਾ ਗਲਾ ਅਤੇ ਉਸ ਵਿਚਲੀ ਮੁਰਕੀ, ਮੀਂਡ, ਸ਼ੋਜ ਤੇ ਬੁਲੰਦੀ, ਹਰਮੋਨੀਅਮ ਵਜਾਉਣ ਦੀ ਕਲਾਤਮਕ ਨ੍ਰਿਪੰਨਤਾ, ਤਬਲੇ ਦੀਆਂ ਬਿਖੜੀਆਂ ਅਤੇ ਅਪ੍ਰਚਲਿਤ ਤਾਲਾਂ ਅਤੇ ਵਿਭਿੰਨ ਲੈਅਕਾਰੀਆ ਵਿੱਚ ਗਾਉਣ ਦੀ ਚੋਖੀ ਨਿਪੁੰਨਤਾ, ਸ਼ਾਸਤਰੀ ਸੰਗੀਤ ਦੀ ਗਹਿਰੀ ਬਾਰੀਕ ਸਮਝ ਜਿਹਾ ਕਿ ਖਿਆਲ, ਧਰੁਪਦ, ਧਮਾਰ, ਗਜ਼ਲ ਆਦਿ ਬਹੁ ਰਾਗਾਂ ਦੇ ਗਿਆਤਾ ਰਾਗਮਾਲਾ ਜਾਂ ਰਾਗ ਗੁਲਦਸਤਾ ਬਣਾ ਕੇ ਗਾਉਣ ਦੀ ਵਿਸ਼ੇਸ਼ ਰੁਚੀ, ਸੁਰ, ਲੈਅ, ਤਾਲ ਦੀ ਮਜ਼ਬੂਤ ਪਕੜ, ਨਵੀਆਂ ਬੰਦਿਸ਼ਾਂ ਤੇ ਤਰਜ਼ਾਂ ਨੂੰ ਸਿਰਜਣ ਦਾ ਬਲ ਤੇ ਜੋਸ਼, ਪ੍ਰਚੀਨ, ਰਹੁਰੀਤਾਂ, ਬੰਦਿਸ਼ਾਂ ਨੂੰ ਸਾਂਭਣ ਦੀ ਲਗਨ ਭਾਵ ਕਿ ਭਾਈ ਸਾਹਿਬ ਕੀਰਤਨ ਪਰੰਪਰਾ ਦੇ ਜੀਉਂਦੇ ਜਾਗਦੇ ਇਨਸਾਈਕਲੋਪੀਡੀਆ ਸਨ। 'ਧੁਰ ਦੀ ਬਾਣੀ' ਨੂੰ ਗਾਉਣ ਵਾਲੇ ਭਾਈ ਸਾਹਿਬ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਕੱਚੀ ਬਾਣੀ ਪੜ੍ਹਨ ਵਾਲਿਆਂ ਨੂੰ ਨਾ ਪਸੰਦ ਕਰਦੇ। ਭਾਈ ਸਾਹਿਬ ਆਪਣੇ ਕੀਰਤਨ ਵਿੱਚ ਸਦਾ ਸ਼ਬਦ ਦੀ ਪ੍ਰਧਾਨਤਾ ਬਰਕਰਾਰ ਰੱਖਦੇ ਅਤੇ ਰਾਗ ਅਤੇ ਸਾਜ਼ ਨੂੰ ਵਾਜਬ ਤੇ ਢੁਕਵੀਂ ਥਾਂ ਦੇ ਕੇ ਇਲਾਹੀ ਰਸ ਭਰਪੂਰ ਕੀਰਤਨ ਕਰਦੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸੰਗਤ ਨੂੰ ਸਮਝਦੇ ਅਤੇ ਉਹਨਾਂ ਦੀ ਰੁਚੀ ਮੁਤਾਬਿਕ ਕੀਰਤਨ ਕਰਦੇ।

ਭਾਈ ਸਾਹਿਬ ਵੱਡੀਆਂ ਵੱਡੀਆਂ ਸਟੇਜਾਂ ਤੇ ਪੰਡਾਲਾਂ, ਸਮਾਗਮਾਂ ਤੇ ਮੌਕਿਆਂ ਵਿੱਚ ਵਿਸ਼ੇਸ਼ ਖਿੱਚ ਦਾ ਕਾਰਣ ਹੁੰਦੇ ਸਨ। ਉਹਨਾਂ ਦੇ ਸਰੋਤਿਆਂ ਵਿੱਚੋਂ ਦਾਦ ਦੇਣ ਵਾਲੇ ਕੀਰਤਨ ਪ੍ਰੇਮੀ ਅੱਜ ਵੀ ਉਹਨਾਂ ਵੱਡੀਆਂ ਸਟੇਜਾਂ ਨੂੰ ਚੇਤੇ ਕਰਦੇ ਹਨ, ਜਿੱਥੇ ਹਜ਼ਾਰਾਂ ਲੱਖਾਂ ਸਰੋਤਿਆਂ ਦੀ ਮੌਜੂਦਗੀ ਅਤਿ ਦੀ ਖ਼ਮੋਸੀ ਤੇ ਸਵਰਗੀ ਹੁਲਾਰੇ ਦੇਂਦੀ ਸੀ। ਸਿਰਫ ਇਹੀ ਕਾਰਨ ਹਨ, ਜਿਨ੍ਹਾਂ ਕਰਕੇ ਭਾਈ ਸਾਹਿਬ ਇੱਕ ਹੀਰਾ, ਇੱਕ ਸੰਸਥਾ ਤੇ ਯੁੱਗ

ਕੀਰਤਨੀਏ ਸਾਬਿਤ ਹੋਏ।

ਖੁਸ਼ੀ ਦੀ ਗੱਲ ਇਹ ਹੈ ਕਿ ਉਹਨਾਂ ਨੇ ਕੀਰਤਨ ਨੂੰ ਆਮ ਵਸਤਾਂ ਵਾਂਗੂ ਵੇਚਿਆ ਨਹੀਂ, ਸਗੋਂ ਵੰਡਿਆ ਤੇ ਮਹਿਕਾਇਆ ਬੇਸ਼ਕ ਇਹ ਉਹਨਾਂ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਸੀ। ਆਪਣੇ ਕਸਬ ਨੂੰ ਬੇਹੱਦ ਈਮਾਨਦਾਰੀ ਤੇ ਤਨਦੇਹੀ ਨਾਲ ਅੰਤਲੇ ਸਮੇਂ ਤੱਕ ਨਿਬਾਹਿਆ। ਭਾਈ ਸਾਹਿਬ ਦੇ ਸੁਭਾਅ ਵਿਚਲੀ ਮਿਠਾਸ, ਮਿਲਵਰਤਨ, ਨਿਮਰਤਾ, ਸ਼ਹਿਨਸੀਲਤਾ ਤੇ ਖੁਸ਼ਮਿਜ਼ਾਜੀ ਉਹਨਾਂ ਦੀ ਸ਼ਖਸ਼ੀਅਤ ਦੀ ਖਿੱਚ ਦਾ ਵਿਸ਼ੇਸ਼ ਕਾਰਨ ਸੀ।

ਭਾਈ ਸਾਹਿਬ ਨੇ ਬਤੌਰ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਬਾਬਾ ਬਕਾਲਾ, ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਮੁਕਤਸਰ ਸਾਹਿਬ, ਸ੍ਰੀ ਦੁਖ ਨਿਵਾਰਨ ਸਾਹਿਬ ਪਟਿਆਲਾ ਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਕੀਤੀ। ਕਈ ਵਾਰੀ ਦੂਰ ਦੁਰੇਡੇ ਦੇਸ ਵਿਦੇਸ ਵਿੱਚ ਜਾ ਕੇ ਸਿੱਖ ਸੰਗਤਾਂ ਨੂੰ ਨਿਹਾਲ ਕਰਨ ਦਾ ਸੁਭਾਗ ਵੀ ਭਾਈ ਸਾਹਿਬ ਨੇ ਪ੍ਰਾਪਤ ਕੀਤਾ।

ਸਮੇਂ ਸਮੇਂ ਤੇ ਕਮੇਟੀਆਂ, ਸੰਸਥਾਵਾਂ ਤੇ ਸਰਕਾਰਾਂ ਨੇ ਦੇਸ ਵਿਦੇਸ ਵਿੱਚ ਭਾਈ ਸਾਹਿਬ ਨੇ ਮਾਣ ਸਨਮਾਨ ਤੇ ਸਤਿਕਾਰ ਐਵਾਰਡ ਦਿੱਤੇ। ਮੇਰੀ ਨਜ਼ਰ ਵਿੱਚ ਭਾਈ ਸਾਹਿਬ ਦਾ ਸਭ ਤੋਂ ਵੱਡਾ ਸਨਮਾਨ ਉਹਨਾਂ ਦੀ ਕੀਰਤਨ ਪਰੰਪਰਾ ਵਿੱਚ ਨਿਭਾਈ ਮਹਾਨ ਸੇਵਾ ਨੂੰ ਅੱਖੋਂ ਪਰੋਖੇ ਜਾਂ ਅਣਗੌਲਿਆ ਨਾ ਕਰਨ ਵਿੱਚ ਹੈ ਜੋ ਕਿ ਸਮੇਂ ਦੀ ਸੁਆਰਥ ਪੂਰਤੀ ਵਿੱਚ ਆਮ ਝਲਕ ਰਿਹਾ ਹੈ। ਕਿੰਨਾ ਚੰਗਾ ਹੋਵੇ ਜੇ ਸਮੇਂ ਦੀ ਸਰਕਾਰੀ ਜਾਂ ਕੋਈ ਹੋਰ ਸੰਸਥਾ ਉਹਨਾਂ ਦੀ ਕੀਰਤਨ ਰਿਕਾਰਡਿੰਗ ਦੀ ਸੇਵਾ ਸੰਭਾਲ ਕਰੇ ਅਤੇ ਉਹਨਾਂ ਦੀਆਂ ਬੰਦਿਸ਼ਾਂ, ਧੁਨਾਂ ਅਤੇ ਗੀਤਾਂ ਨੂੰ ਕਿਤਾਬੀ ਰੂਪ ਦੇਵੇ। ਮੇਰਾ ਵੀ ਇਹੀ ਦਿਲੀ ਸੁਪਨਾ ਹੈ। ■

## ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ ਦਾ ਪਹਿਲਾ ਸਥਾਪਨਾ ਦਿਵਸ ਸਮਾਰੋਹ

ਗੁਰਮਤਿ ਸੰਗੀਤ ਅਕੈਡਮੀ ਜੋ ਦਸੰਬਰ 1999 ਵਿੱਚ ਆਰੰਭ ਕੀਤੀ ਗਈ, ਦਾ ਪਹਿਲਾ ਸਥਾਪਨਾ ਦਿਵਸ ਸਮਾਰੋਹ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਹਿਯੋਗ ਨਾਲ ਮਿਤੀ 10/1/2001 ਨੂੰ ਅਕੈਡਮੀ ਵਿਖੇ ਮਨਾਇਆ ਗਿਆ। ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸੰਗੀਤ ਅਕੈਡਮੀ, ਨੇਤਰਹੀਣ ਸੰਗੀਤ ਵਿਦਿਆਲਾ ਅਤੇ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਨੇ ਕੀਰਤਨ ਕੀਤਾ। ਸੰਤ ਨਿਰੰਜਨ ਸਿੰਘ ਜਵੱਦੀਕਲਾਂ ਵਾਲਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਗਿ: ਤਰਲੋਚਨ ਸਿੰਘ ਜੀ ਹੈਡਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਪ੍ਰਿੰ. ਸੁਰਿੰਦਰ ਸਿੰਘ ਸਿੱਖ ਮਿਸ਼ਨਰੀ ਕਾਲਜ ਨੇ ਗੁਰਮਤਿ ਸੰਗੀਤ ਦੇ ਵਿਰਸੇ ਬਾਰੇ ਕੀਰਤਨ ਦੀ ਮਹਾਨਤਾ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਹੋਰਨਾਂ ਸੰਸਥਾਵਾਂ ਤੋਂ ਇਲਾਵਾ ਸਿੱਖ ਨਾਰੀ ਮੰਚ, ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਵੀ ਸਮਾਗਮ ਵਿੱਚ ਸ਼ਾਮਲ ਹੋਈਆਂ। ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਨੇ ਵਾਰਸ਼ਿਕ ਰਿਪੋਰਟ ਵਿੱਚ ਵਿਦਿਆਰਥੀਆਂ ਦੇ ਨਿੱਤ ਕਰਮ ਅਤੇ ਉਪਲੱਬਧੀਆਂ ਬਾਰੇ ਜਿਕਰ ਕਰਦਿਆਂ ਕਿਹਾ ਕਿ ਵਿਦਿਆਰਥੀ ਸਵੇਰੇ ਨਿੱਤ ਨੇਮ ਸਬਰ ਸਾਧਨਾਂ 8 ਤੋਂ 10-30 ਵਜ੍ਹੇ ਸਵੇਰੇ ਕੀਰਤਨ ਕਲਾਸ (ਤਾਨ-ਪੁਰਿਆਂ) ਨਾਲ ਲਗਾਉਂਦੀਆਂ ਹਨ। ਦਿਨ ਵੇਲੇ ਬਾਣੀ ਕੰਠ ਗੁਰਮਤਿ ਵਿਚਾਰ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਥਿਊਰੀ ਦੇ ਵਿਸ਼ਿਆਂ ਦਾ ਅਧਿਆਨ ਕਿਰਿਆਤਮਕ ਅਭਿਆਸ ਗੁਰੂ ਘਰ ਦੀ ਸੇਵਾ ਅਤੇ ਸ਼ਾਮ ਨੂੰ ਸੋਦਰੁ ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ 6 ਤੋਂ 7-30 ਕੀਰਤਨ ਕਲਾਸ ਸ਼ਾਮਲ ਹੈ। ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਭੂਸ਼ਨ ਪਹਿਲੇ ਸਾਲ ਦੀ ਪ੍ਰੀਖਿਆ ਵਿੱਚ ਫਸਟ ਡਵੀਜ਼ਨ ਲੈ ਕੇ ਦੂਜੇ ਸਾਲ ਦੀ ਪ੍ਰੀਖਿਆ ਵਿੱਚ ਬੈਠੇ ਹਨ। ਮਿਥੇ ਟੀਚੇ ਮੁਤਾਬਿਕ ਵਿਦਿਆਰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਤੇ ਸੰਗੀਤ ਵਿਸ਼ਾਰਦ ਤੱਕ ਦੇ ਰਾਗਾਂ ਦਾ ਗਿਆਨ ਪ੍ਰਾਪਤ ਕਰ ਸਕਣਗੇ। ਸ੍ਰੀ ਆਸਾ ਜੀ ਦੀ ਵਾਰ ਅਤੇ ਹੋਰ ਕੀਰਤਨ ਚੌਂਕੀਆਂ ਵੀ ਠੀਕ ਢੰਗ ਨਾਲ ਨਿਭਾ ਸਕਣਗੇ।

ਸਮਾਗਮ ਵਿੱਚ ਸ੍ਰ. ਸਤਨਾਮ ਸਿੰਘ ਜੀ ਗਿੱਲ ਮੈਂਬਰ ਸ਼੍ਰੋਮਣੀ ਕਮੇਟੀ, ਸ੍ਰ. ਅਰਜਨ ਸਿੰਘ ਜੀ ਮੈਨੇਜਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਅਕੈਡਮੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਭਰੋਸਾ ਦਿੱਤਾ।

ਅਕੈਡਮੀ ਵਲੋਂ ਇਨ੍ਹਾਂ ਸਾਰਿਆਂ ਸੱਜਣਾਂ ਦਾ ਸਨਮਾਨ ਕੀਤਾ ਗਿਆ। ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਨੇ ਕੀਰਤਨ ਦੀ ਦਾਤ ਪ੍ਰਾਪਤ ਕਰਕੇ ਮਨ ਜੋੜ ਕੇ ਕੀਰਤਨ ਕਰਨ ਵਾਲੀ ਅਵਸਥਾ ਪ੍ਰਾਪਤ ਕਰਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਕੀਰਤਨ ਦਾ ਕਲਾਕਾਰ

**ਬਬਲੀ ਐਸ. ਸਿੰਘ**
35/1-ਬੀ, ਮਾਡਲ ਗਰਾਮ, ਲੁਧਿਆਣਾ

14 ਜਨਵਰੀ 2001 ਬੜਾ ਹੀ ਪਿਆਰਾ ਦਿਨ ਸੀ, ਜਿਸ ਦਿਨ ਡਾਕਟਰ ਜਾਗੀਰ ਸਿੰਘ ਜੀ ਦਾ ਮਨ ਨੂੰ ਬੰਨ੍ਹ ਲੈਣ ਵਾਲਾ ਕੀਰਤਨ ਸੁਣਿਆ। ਬੰਨ੍ਹ ਲੈਣ ਵਾਲਾ ਤੋਂ ਮੇਰਾ ਮਤਲਬ ਹੈ ਕਿ ਜਦੋਂ ਡਾਕਟਰ ਸਾਹਿਬ ਕੀਰਤਨ ਸ਼ੁਰੂ ਕਰ ਦੇਣ ਤਾਂ ਫਿਰ ਉੱਥੋਂ ਉਠਣਾ ਤਾਂ ਕੀ, ਹਿਲਣ ਦਾ ਵੀ ਦਿਲ ਨਹੀਂ ਮੰਨਦਾ। ਡਾਕਟਰ ਸਾਹਿਬ ਦੀ ਅਵਾਜ਼ ਵਿੱਚ ਕੀਰਤਨ ਕਰਨ ਦੇ ਅੰਦਾਜ਼ ਵਿੱਚੋਂ ਇੱਕ ਕਲਾਕਾਰ ਨਜ਼ਰ ਆਂਦਾ ਹੈ। ਜਿਸ ਨੂੰ ਆਮ ਇਨਸਾਨ ਨਹੀਂ ਸਮਝ ਸਕਦਾ। ਅਕਾਲ ਪੁਰਖ ਦੀ ਬੜੀ ਬਖਸ਼ਿਸ਼ ਹੈ ਆਪ ਤੇ, ਜੋ ਆਪ ਪਿਆਰ ਨਾਲ ਇੰਨਾ ਮਿੱਠਾ, ਬੈਰਾਗ ਭਰਿਆ, ਸ਼ਰਧਾ ਦੇ ਰੰਗ ਵਿੱਚ ਰੰਗਿਆ ਬੜੀ ਹੀ ਗਹਿਰਾਈ ਚੋਂ ਕੀਰਤਨ ਕਰਦੇ ਹਨ। ਡਾਕਟਰ ਸਾਹਿਬ ਨੂੰ ਮੈਂ ਰਾਗੀ ਨਹੀਂ - 'ਕੀਰਤਨ ਦਾ ਕਲਾਕਾਰ' ਮੰਨਦੀ ਹਾਂ। ਜਿਵੇਂ ਕਲਾਕਾਰ ਦਾ ਮੂਡ ਉਸਦੀ ਕਲਾ ਵਿੱਚੋਂ ਨਜ਼ਰ ਆਂਦਾ ਹੈ ਉਵੇਂ ਹੀ ਹਰ ਸ਼ਬਦ ਦੇ ਅਨੁਸਾਰ ਉਹਨਾਂ ਦੀ ਮਨ ਦੀ ਅਵਸਥਾ ਬਣ ਜਾਂਦੀ ਹੈ ਤੇ ਉਹਨਾਂ ਦੇ ਚਿਹਰੇ ਤੇ ਉਹੀ expression ਆ ਜਾਂਦੇ ਹਨ। ਉਹਨਾਂ ਦੀ ਅਵਾਜ਼ ਵਿੱਚ ਉਸੇ ਮਨ ਦੀ ਅਵਸਥਾ ਦੀ ਝਲਕ ਆ ਜਾਂਦੀ ਹੈ। ਉਹ ਅੰਦਰੋਂ ਗਾਂਦੇ ਹਨ। ਬੈਰਾਗ ਭਰਿਆ ਸ਼ਬਦ ਉਹਨਾਂ ਦੀ ਅਵਾਜ਼ ਵਿੱਚ ਬੈਰਾਗ ਭਰ ਦਿੰਦਾ ਹੈ, ਬੇਨਤੀ ਭਰਿਆ ਸ਼ਬਦ - ਉਹ ਦੀਨ ਬਣਕੇ ਬੇਨਤੀ ਕਰਦਿਆਂ ਪੜ੍ਹਦੇ ਹਨ। ਕਿਸੇ ਵੇਲੇ ਉਹਨਾਂ ਦੇ ਅੰਦਰੋਂ ਪੁਕਾਰ ਭਰੀ ਅਵਾਜ਼ ਨਿਕਲਦੀ ਹੈ। ਬਿਰਹਾ ਦਾ ਸ਼ਬਦ ਉਹਨਾਂ ਦੀ ਅਵਾਜ਼ ਨੂੰ ਦਰਦ ਭਰਿਆ ਸੋਜ ਦਿੰਦਾ ਹੈ ਤੇ ਅਕਾਲ ਪੁਰਖ ਦੀ ਉਸਤਤੀ ਦੇ ਸ਼ਬਦ ਪੜ੍ਹਦਿਆਂ ਉਹਨਾਂ ਦੀ ਅਵਾਜ਼ ਪ੍ਰਭੂ ਦੇ ਪਿਆਰ ਵਿੱਚ ਰੰਗੀ ਹੋਈ ਹੁੰਦੀ ਹੈ ਤੇ ਹਰ ਵਾਰ ਹਰ ਸ਼ਬਦ ਦੇ ਅਨੁਸਾਰ ਉਹਨਾਂ ਦੇ ਮਨ ਦੀ ਅਵਸਥਾ ਉਹਨਾਂ ਦੇ ਚਿਹਰੇ ਤੇ ਨਜ਼ਰ ਆਉਂਦੀ ਹੈ। ਬਿਲਕੁਲ ਉਵੇਂ ਜਿਵੇਂ ਇੱਕ ਕਲਾਕਾਰ ਦੇ ਮਨ ਦੀ ਅਵਸਥਾ ਉਸ ਦੀ ਕਲਾ ਕ੍ਰਿਤੀ ਚੋਂ ਵਿਖਾਈ ਦਿੰਦੀ ਹੈ।

"*ਐਸੀ ਕਿਰਪਾ ਮੋਹਿ ਕਰਉ*" ਸ਼ਬਦ ਪੜ੍ਹਦਿਆਂ ਉਹਨਾਂ ਤਰਲੇ ਭਰਿਆ ਅੰਦਾਜ਼ ਵਰਤਿਆ ਹੈ। ਸ਼ਬਦ ਸ਼ਾਂਤ ਅੰਦਾਜ਼ ਵਿੱਚ ਹੈ ਜੋ ਮਨ ਨੂੰ ਜੋੜ ਦਿੰਦਾ ਹੈ ਤੇ ਦਾਤੇ ਅੱਗੇ ਤਰਲਾ ਕਰਦਾ ਹੈ ਕਿ "*ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸ ਤਨ ਧੂਰ ਪਰਉ*"।

ਫਿਰ ਉਹਨਾਂ ਪੜ੍ਹਿਆ "*ਰਾਮਾ ਮੋਕਉ ਤਾਰ ਲੈ*" ਉਹਨਾਂ ਜਦੋਂ ਰਾਮਾ-ਰਾ-ਮਾ ਕਹਿ ਪੁਕਾਰਿਆ ਤਾਂ ਲਗਾ ਐਸੀ ਪੁਕਾਰ ਕੋਈ ਵਿਰਲਾ ਹੀ ਕਰ ਸਕਦਾ ਹੈ।

ਜਦੋਂ ਪੜ੍ਹਦੇ ਹਨ "*ਸਤਿਗੁਰੂ ਮੂਰਤ ਕਉ ਬਲਿ ਜਾਓ*" ਸ਼ਾਂਤ ਲਹਜੇ ਵਿੱਚ ਪੜ੍ਹਦਿਆਂ ਜਦੋਂ ਗਾਂਦੇ ਹਨ "*ਜਾਕਉ ਕੋਇ ਨਾ ਰਾਖੈ ਪ੍ਰਾਣੀ ਤਿਸੁ ਤੂੰ ਦੇ ਅਸਰਾਓ*" ਤਾਂ ਡੋਲੇ ਹੋਏ ਮਨਾਂ ਨੂੰ ਇੱਕ ਸਹਾਰਾ ਮਿਲ ਜਾਂਦਾ ਹੈ। ਐਸੀ ਖਿਚ ਹੈ ਡਾਕਟਰ ਸਾਹਿਬ ਦੇ ਕੀਰਤਨ ਵਿੱਚ।

ਬੜੇ ਹੀ ਮਿੱਠੇ ਅੰਦਾਜ਼ ਵਿੱਚ ਬੜੀ ਹੀ ਸ਼ਾਂਤ, ਸਹਿਜ ਅਵਸਥਾ ਵਿੱਚ ਆਕੇ ਉਹਨਾਂ ਗਾਇਆ ਹੈ "*ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ*" ਇਸ ਵਿੱਚ ਸ਼ਾਂਤੀ ਭਰਿਆ ਬੈਰਾਗ ਮਨਾਂ ਨੂੰ ਜਾਕੇ ਛੂੰਹਦਾ ਹੈ ਹਿਲਾਂਦਾ ਹੈ ਤੇ ਜਗਾਂਦਾ ਹੈ।

ਬੜੀ ਹੀ ਨਿਮਾਣੀ ਜਿਹੀ ਪੁਕਾਰ ਹੈ ਨਿਮਾਣੇ ਦੀ ਬੇਨਤੀ ਦੀ ਅਵਸਥਾ ਜਦੋਂ ਆਪ ਗਾਂਦੇ "*ਮਾਣ ਕਰਉ ਤੁਧੁ ਉਪਰੇ ਮੇਰੇ ਪ੍ਰੀਤਮ ਪਿਆਰੇ*" ਉਦੋਂ ਹਰ ਮਨ ਨਿਮਾਣਾ ਹੋਕੇ ਦਾਤੇ ਕੋਲੋਂ ਆਪਣੇ ਅਪਰਾਧਾਂ ਦੀ ਮਾਫੀ ਮੰਗਣਾਂ ਸਿਖ ਜਾਂਦਾ ਹੈ। ਆਪਣੇ ਔਗੁਣਾਂ ਦਾ ਅਹਿਸਾਸ ਆਂਦਾ ਹੈ।

"*ਗੁਰੂ ਗੁਰੂ ਗੁਰੂ ਕਰ ਮਨ ਮੋਰ*" ਪੜ੍ਹਦਿਆਂ ਡਾਕਟਰ ਸਾਹਿਬ ਆਪਣੇ ਪੂਰੇ ਰੰਗ ਵਿੱਚ ਰੰਗੇ ਹੋਏ ਨਜ਼ਰ ਆਏ। ਇੱਕ ਅਜੀਬ ਜਿਹਾ ਲੋਰ। ਸੰਗੀਤ ਤੇ ਅਵਾਜ਼ ਦੋਨਾਂ ਨੇ ਉਹਨਾਂ ਦਾ ਪੂਰਾ ਸਾਥ ਦਿੱਤਾ ਹੈ। ਇੱਕ ਪਲ ਵਿੱਚ ਸਾਰਾ ਮਾਹੌਲ ਬਦਲ ਗਿਆ। ਗੁਰੂ ਦੀ ਮਹਿਮਾ ਉਹਨਾਂ ਐਸੇ ਅੰਦਾਜ਼ ਵਿੱਚ ਗਾਈ ਹੈ ਗੁਰੂ ਦੀ ਮਹੱਤਤਾ ਮਨਾਂ ਵਿੱਚ ਸਮਾ ਗਈ। ਗੁਰੂ ਲਈ ਪਿਆਰ ਨਾਲ ਭਰੇ ਮਨ ਨਾਲ ਉਹਨਾਂ ਇਹ ਸ਼ਬਦ ਗਾਇਆ 'ਗੁਰੂ' ਲਫਜ ਇਸ ਤਰ੍ਹਾਂ ਗਾਇਆ ਕਿ ਉਹਨਾਂ ਦੇ ਅੰਦਰ ਗੁਰੂ ਲਈ ਸ਼ਰਧਾ ਦੀ ਗਹਿਰਾਈ ਨਾਪੀ ਜਾ ਸਕਦੀ ਹੈ। ਕਿਧਰੇ ਉਹ

ਗੁਰੂ ਨੂੰ ਪੁਕਾਰ ਰਹੇ ਹਨ ਕਿਧਰੇ ਉਹ ਗੁਰੂ ਲਈ ਵੈਰਾਗੇ ਪਏ ਹਨ ਤੇ ਕਿਧਰੇ ਪਿਆਰ ਨਾਲ ਡੂਲ੍ਹ ਡੂਲ੍ਹ ਪੈਂਦੇ ਹਨ। ਇਹ ਸ਼ਬਦ ਸੁਣਦਿਆਂ ਇੱਕ ਅਜੀਬ ਜਿਹੀ ਪਵਿਤਰਤਾ ਭਰੀ ਝਨਝਨਾਹਟ ਮਹਿਸੂਸ ਹੁੰਦੀ ਹੈ। ਤੇ ਮਨ ਗੁਰੂ ਲਈ ਸ਼ਰਧਾ ਨਾਲ ਭਰਿਆ ਜਾਂਦਾ ਹੈ।

"*ਹਰਿ ਹਰਿ ਮਨ ਮਹਿ ਨਾਮ ਕਹਿਓ*" ਸ਼ਬਦ ਪੜ੍ਹਦਿਆਂ ਸਾਰਾ ਮਾਹੌਲ ਨਾਮ ਰੰਗ ਵਿੱਚ ਰੰਗਿਆ ਗਿਆ। ਸਾਰੀ ਫਿਜ਼ਾ ਵਿੱਚ ਨਾਮ ਦੀ ਖੁਸ਼ਬੋ ਨਾਮ ਦੀ ਮਹਿਮਾ ਤੇ ਡਾਕਟਰ ਸਾਹਿਬ ਪੂਰੀ ਤਰ੍ਹਾਂ ਸ਼ਬਦ ਵਿੱਚ ਗੁੰਮ ਜਾਂਦੇ ਹਨ। ਸੋਚਦੀ ਹਾਂ ਪ੍ਰਮਾਤਮਾ ਆਪ ਪਹੁੰਚਦਾ ਹੈ ਐਸੇ ਮੌਕਿਆਂ ਤੇ। ਉਹਨਾਂ ਦੀ ਇਸ ਸ਼ਬਦ ਵਿੱਚ ਸੁੰਦਰਤਾ ਹੈ ਜਦੋਂ ਉਹ 'ਕਹਿਓ' ਸ਼ਬਦ ਨੂੰ ਬਹੁਤ ਦੂਰ ਤਕ ਲੈ ਜਾਂਦੇ ਹਨ। ਕ-ਹਿ-ਓ ਬੜੀ ਗਹਿਰਾਈ ਵਿੱਚ ਬੜਾ ਹੀ ਅਲਗ ਜਿਹਾ ਅੰਦਾਜ਼ ਜਿਹੜਾ ਮਨ ਨੂੰ ਇੱਕ ਡੂੰਘੇ ਸਾਗਰ ਵਿੱਚ ਲੈ ਜਾਂਦਾ ਹੈ। ਨਾਮ ਦੇ ਸਾਗਰ ਦੀ ਗਹਿਰਾਈਆਂ ਵਿੱਚ।

"*ਖੋਜਤ ਖੋਜਤ ਭਇਓ ਬੈਰਾਗੀ*" ਗਾਂਦਿਆਂ ਲਗਦਾ ਹੈ ਡਾਕਟਰ ਸਾਹਿਬ ਪੂਰੇ ਬੈਰਾਗ ਵਿੱਚ ਭਿੱਜੇ ਬੈਰਾਗੀ ਹੋਣ। ਪੂਰੇ ਬੈਰਾਗੀ, ਜੋ ਕਿ ਪ੍ਰਭੂ ਨੂੰ ਖੋਜ ਰਿਹਾ ਹੈ। ਇਹ ਇੱਕ ਬੜੇ ਹੀ ਪਹੁੰਚੇ ਕਲਾਕਾਰ ਦੇ ਮਨ ਦੀ ਅਵਸਥਾ ਦੀ ਤਸਵੀਰ ਹੈ।

"*ਤੂੰ ਦਰੀਆਓ ਦਾਨਾਂ ਬੀਨਾ*" ਉਹਨਾਂ ਨੇ ਇਤਨੇ ਦਰਦ ਵਿੱਚ ਆਕੇ ਪੜਿਆ ਹੈ ਕਿ ਹਰ ਮਨ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਇੱਕ ਮਛਲੀ ਵਾਂਗ ਅਸੀਂ ਉਸ ਦਾ 'ਕੈਸੇ ਅੰਤ ਲਹਾਂ'।

"*ਜਹਿ ਜਹਿ ਦੇਖਾਂ ਤਹਿ ਤਹਿ ਤੂੰ ਹੈ ਤੁਝਤੇ ਨਿਕਸੀ ਫੂਟ ਮਰਾਂ*" ਪੜ੍ਹਦਿਆਂ ਪ੍ਰਭੂ ਤੋਂ ਵਿਛੜਨ ਦੀ ਤੜਪ ਪੂਰਨ ਰੂਪ ਵਿੱਚ ਦਿਖਾਈ ਦਿੰਦੀ ਹੈ। ਇਹ ਸਾਰਾ ਸ਼ਬਦ ਹੀ ਬੈਰਾਗ ਵਿੱਚ ਗਾਇਆ ਹੈ ਤੇ ਮਨਾਂ ਦੀਆਂ ਅੰਦਰਲੀਆਂ ਤਹਿਆਂ ਨੂੰ ਛੂੰਹਦਾ ਹੈ। ਡਾਕਟਰ ਸਾਹਿਬ ਦੇ ਨਾਲ ਜਦੋਂ ਉਹਨਾਂ ਦੇ ਸਾਥੀ ਤੇ ਸੰਗਤ ਵੀ ਅਵਾਜ ਰਲਾਂਦੀ ਹੈ ਤਾਂ ਇੱਕ ਨਵਾਂ ਰੰਗ ਬੰਨ ਜਾਂਦਾ ਹੈ ਜੋ ਕਿ ਹੋਰ ਵੀ ਖੂਬਸੂਰਤ ਸ਼ਾਂਤ ਵਾਤਾਵਰਣ create ਕਰ ਦਿੰਦਾ ਹੈ। ਸੰਗਤ ਦੀ ਰਲਵੀਂ ਅਵਾਜ਼ ਪ੍ਰਮਾਤਮਾ ਨੂੰ ਹੋਰ ਵੀ ਨੇੜੇ ਲੈ ਆਂਦੀ ਹੈ।

ਕਿਸ ਕਿਸ ਸ਼ਬਦ ਬਾਰੇ ਲਿਖਾਂ। ਡਾਕਟਰ ਸਾਹਿਬ ਦੇ ਹਰ ਸ਼ਬਦ ਦਾ ਗਾਣ ਦਾ ਅੰਦਾਜ਼ ਅਪਣੀ ਹੀ ਸੁੰਦਰਤਾ ਲਈ ਬੈਠਾ ਹੈ। ਇੱਕ ਕਲਾਕਾਰ ਦੀ ਹਰ ਕਲਾਕ੍ਰਿਤੀ ਨੂੰ ਵੇਖਦਿਆਂ ਜਿਵੇਂ ਕੁਝ ਨਵਾਂ ਹੀ ਮਹਿਸੂਸ ਹੁੰਦਾ ਹੈ ਗਹਿਰਾਈ ਵਿੱਚੋਂ - ਉਵੇਂ ਡਾਕਟਰ ਸਾਹਿਬ ਦੇ ਹਰ ਸ਼ਬਦ ਵਿੱਚ ਅਲਗ ਹੀ ਭਾਵ, ਅੰਦਾਜ਼ ਮਹਿਸੂਸ ਹੁੰਦੇ ਹਨ। ਤਾਂ ਹੀ ਤਾਂ ਮੈਂ ਉਹਨਾਂ ਨੂੰ 'ਕੀਰਤਨ ਦਾ ਕਲਾਕਾਰ' ਮੰਨਦੀ ਹਾਂ।

ਅਕਾਲ ਪੁਰਖ ਸਦਾ ਹੀ ਉਹਨਾਂ ਤੇ ਮਿਹਰਾਂ ਵਰਸਾਂਦੇ ਰਹਿਣ ਤੇ ਉਹ ਸਦਾ ਧੁਰ ਕੀ ਬਾਣੀ ਗਾ ਕੇ ਅੰਮ੍ਰਿਤ ਵਰਸਾਂਦੇ ਰਹਿਣ। ■

**ਲੇਖਕਾਂ ਲਈ ਬੇਨਤੀ**

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਕ ਆਦਿ ਭੇਜਣ ਦੀ ਖੇਚਲ ਕਰਨ।


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼
**ਸਿੱਖ ਲੀਗ** ਪੰਦਰਵਾੜਾ
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ
ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

ਡਾ. ਗੁਰਮੀਤ ਸਿੰਘ ਬੈਦਵਾਣ
ਪਿੰਡ ਬਾਸੀਆਂ ਬੈਦਵਾਣ ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

**• ਪੁਸਤਕ: ਟੈਗੋਰ ਤ੍ਰਿਬੈਣੀ • ਲੇਖਕ: ਪ੍ਰੋ. ਪਿਆਰਾ ਸਿੰਘ ਪਦਮ • ਪੰਨੇ: 208 • ਕੀਮਤ: 100 ਰੁਪਏ • ਪ੍ਰਕਾਸ਼ਕ: ਕਲਗੀਧਰ ਕਲਮ ਫਾਉਂਡੇਸ਼ਨ, ਕਲਮ ਮੰਦਿਰ, ਪਟਿਆਲਾ**

ਦਰਿਆਵਾਂ ਦਾ ਕੰਮ ਹੁੰਦਾ ਹੈ ਵਗਦੇ ਰਹਿਣਾ। ਸਦੀਆਂ ਤੋਂ ਵਗ ਰਹੇ ਦਰਿਆ ਭਾਵੇਂ ਬੁੱਢੇ ਹੋ ਗਏ ਜਾਪਦੇ ਹਨ ਪਰ ਉਹਨਾਂ ਦੇ ਵਹਿਣ ਵਿਚਲੀ ਨਿਰੰਤਰਤਾ ਸਾਡੇ ਜੀਵਨ ਵਿੱਚ ਅਗਲੇਰੀਆਂ ਮੰਜਲਾਂ ਦੀ ਪ੍ਰਾਪਤੀ ਲਈ ਉਤਸ਼ਾਹ ਪੈਦਾ ਕਰਦੀ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪ੍ਰੋ. ਪਿਆਰ ਸਿੰਘ ਪਦਮ ਇੱਕ ਅਜਿਹਾ ਹੀ ਦਰਿਆ ਹੈ ਜਿਹੜਾ ਆਪਣੀ ਸ਼ਾਂਤ ਚਿਤ ਰਵਾਨੀ ਵਿੱਚ ਬਿਨਾਂ ਕਿਸੇ ਸ਼ੋਰ ਸ਼ਰਾਬੇ ਦੇ ਲਗਾਤਾਰ ਵਗ ਰਿਹਾ ਹੈ। ਪਤਾ ਨਹੀਂ ਕਿੰਨੇ ਕੁ ਸਾਹਿਤ ਪ੍ਰੇਮੀ ਸਾਹਿਤ ਦੇ ਇਸ ਬੁੱਢੇ ਦਰਿਆ ਦੀ ਜਲਧਾਰਾ ਵਿੱਚੋਂ ਹੀਰੇ ਜਵਾਹਰਾਤ ਲੱਭ ਰਹੇ ਹਨ। ਸਾਹਿਤ ਦੀਆਂ ਵਿਭਿੰਨ ਵੰਨਗੀਆਂ ਤੇ ਪ੍ਰੋ. ਪਦਮ ਨੇ ਅਲੋਚਨਾਤਮਕ ਦ੍ਰਿਸ਼ਟੀ ਅਤੇ ਖੋਜੀ ਬਿਰਤੀ ਵਾਲੀਆਂ 3 ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਬਿਨਾਂ ਕਿਸੇ ਬਾਹਰੀ ਮਦਦ ਦੇ ਗਿਣਾਤਮਕ ਤੇ ਗੁਣਾਤਮਕ ਪੱਖੋਂ ਇੰਨਾ ਕੰਮ ਕਰਨਾ ਬੜਾ ਔਖਾ ਕਾਰਜ ਹੈ ਪਰ ਜਿਹਨਾਂ ਦੇ ਅੰਦਰ ਜਾਗ ਲੱਗੀ ਹੈ ਤੇ ਵਿਚਾਰਾਂ ਦਾ ਰਿੜਕਣਾ ਪਿਆ ਹੋਇਆ ਹੈ ਤਾਂ ਮੱਖਣ ਤਾਂ ਬਾਹਰ ਆਉਣੋਂ ਨਹੀਂ ਰੁਕਦਾ। ਹਥਲੀ ਪੁਸਤਕ "ਟੈਗੋਰ-ਤ੍ਰਿਬੈਣੀ" ਅਜਿਹੀ ਹੀ ਘਾਲਣਾ ਦਾ ਸਿੱਟਾ ਹੈ।

ਪੁਸਤਕ ਦੇ ਪਹਿਲੇ ਭਾਗ ਵਿੱਚ 'ਪ੍ਰਸਤਾਵਨਾ' ਅਧੀਨ ਪ੍ਰੋ. ਪਿਆਰਾ ਸਿੰਘ ਪਦਮ ਨੇ ਮਹਾਂਕਵੀ ਟੈਗੋਰ ਨੂੰ ਸੱਭਿਆਚਾਰਕ ਰਾਜਦੂਤ ਅਤੇ ਲਾਸਾਨੀ ਗੀਤਕਾਰ ਦੇ ਤੌਰ ਤੇ ਵਿਚਾਰਿਆ ਹੈ। ਲੇਖਕ ਨੇ ਭਾਰਤੀ ਸੱਭਿਆਚਾਰ ਦੀ ਸਾਂਭ ਸੰਭਾਲ ਦੇ ਮਸਲੇ ਵਿੱਚ ਕਵੀ ਨੂੰ ਸੰਤ ਕਵੀਆਂ ਵਰਗਾ ਦਰਜਾ ਦਿੱਤਾ ਹੈ। ਲੇਖਕ ਦਾ ਕਹਿਣਾ ਹੈ ਕਿ ਟੈਗੋਰ ਨੇ ਪੱਛਮੀ ਸੱਭਿਆਚਾਰ ਦੀ ਫੈਲ ਰਹੀ ਧੁੰਨ ਦੇ ਚੈਲਿੰਜ ਨੂੰ ਕਬੂਲ ਕੀਤਾ। ਪੱਛਮੀ ਕਲਚਰ ਨੂੰ ਅਪਣਾ ਰਹੇ ਲੋਕਾਂ ਨੂੰ ਕੌਮੀ ਜੀਵਨ ਤੋਂ ਉਖੜੇ ਹੋਏ ਦੱਸਦਿਆਂ ਕਵੀ ਨੇ ਕਿਹਾ ਕਿ ਉਹਨਾਂ ਦੀ ਅਧਿਆਤਮਕ ਪੂੰਜੀ ਦੇ ਸੋਮੇ ਸੁੱਕ ਗਏ ਹਨ। ਟੈਗੋਰ ਵਲੋਂ ਸ਼ਾਂਤੀ ਨਿਕੇਤਨ ਦੀ ਸਥਾਪਨਾ ਇਹਨਾਂ ਚਿੰਤਾਵਾਂ ਤੋਂ ਮੁਕਤੀ ਦਾ ਹੀ ਇੱਕ ਸਾਧਨ ਸੀ ਜਿੱਥੇ ਜਾ ਕੇ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਸੋਝੀ ਪ੍ਰਾਪਤ ਹੁੰਦੀ ਸੀ। ਲੇਖਕ ਦਾ ਕਹਿਣਾ ਹੈ ਕਿ ਭਾਰਤੀ ਸੱਭਿਆਚਾਰ ਦਾ ਰੂਹਾਨੀ ਸ਼ੰਦੇਸ਼ ਜਿਤਨਾ ਕਲਾ ਮਈ ਤੇ ਸੁੰਦਰ ਬਣਾ ਕੇ ਟੈਗੋਰ ਨੇ ਸੰਸਾਰ ਦੇ ਸਾਹਮਣੇ ਰੱਖਿਆ ਉਹ ਸਚਮੁਚ ਹੀ ਜਾਦੂ ਭਰਪੂਰ ਤੇ ਮਨ ਨੂੰ ਮੋਹਣ ਵਾਲਾ ਹੈ। ਲੇਖਕ ਨੇ ਬੜੀ ਖਰੀ ਗੱਲ ਕੀਤੀ ਹੈ ਕਿਉਂਕਿ ਟੈਗੋਰ ਦੀ ਰਚਨਾ ਸੰਤ ਬਾਣੀ ਦੀ ਉਪਜ ਹੈ। ਸੋ ਵਰ੍ਹਿਆਂ ਤੋਂ ਅਧਿਆਤਮਕ ਚਿੰਤਨ ਦੇ ਜਾਣੂੰ ਭਾਰਤੀ ਲੋਕ ਟੈਗੋਰ ਦੇ ਸਾਹਿਤ ਤੋਂ ਪ੍ਰਭਾਵਿਤ ਹੋਏ ਕਿਉਂਕਿ ਟੈਗੋਰ ਨੇ ਪਿਆਰ ਭਿੱਜੀ ਸਹਿਜ ਮੁਖੀ ਲੋਕ ਬੋਲੀ ਵਿੱਚ ਜੋ ਟਕੋਰਾਂ ਕੀਤੀਆਂ ਉਹ ਜਨ ਸਾਧਾਰਨ ਦੇ ਬਹੁਤ ਰਾਸ ਆਈਆਂ। ਇਸੇ ਲਈ ਟੈਗੋਰ ਦੀ ਲੋਕ ਪ੍ਰਿਯਤਾ ਵਧੀ ਤੇ ਉਸ ਨੂੰ ਟੈਗੋਰ ਤੋਂ ਮਹਾਤਮਾ ਟੈਗੋਰ ਦਾ ਦਰਜਾ ਮਿਲਿਆ।

ਲੇਖਕ ਵੀ ਕਵੀ ਦੀ ਤਰ੍ਹਾਂ ਇਸ ਗੱਲੋਂ ਬਹੁਤ ਚਿੰਤਾਤੁਰ ਹੋਇਆ ਜਾਪਦਾ ਹੈ ਕਿ ਸੱਭਿਆਚਾਰਕ ਕਦਰਾਂ ਕੀਮਤਾਂ ਰਸਾਤਲ ਵਿੱਚ ਜਾਣ ਦੇ ਰਾਹ ਪੈ ਗਈਆਂ ਹਨ ਕਿਉਂਕਿ ਅਜੋਕੇ ਵਰਤਾਰੇ ਦਾ ਭਿਆਨਕ ਰੂਪ ਪੂਰਵ-ਇਤਿਹਾਸਿਕ ਯੁੱਗ ਦੇ ਦੈਂਤਾਂ ਨਾਲੋਂ ਵੀ ਵਧੇਰੇ ਤਬਾਹਕੁਨ ਹੈ। ਲੇਖਕ ਦਾ ਕਹਿਣਾ ਹੈ ਕਿ ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਉਹਨਾਂ ਦੈਂਤਾਂ ਵਿੱਚ ਤਾਂ ਕੇਵਲ ਪਸ਼ੂਬਲ ਹੀ ਸੀ ਤੇ ਹੁਣ ਬੁਧੀ-ਬਲ ਵੀ ਇਸ ਦੇ ਨਾਲ ਸ਼ਾਮਿਲ ਹੋ ਗਿਆ ਹੈ। ਇੱਥੇ ਲੇਖਕ ਤੇ ਕਵੀ ਦੀ ਚਿੰਤਾ ਇੱਕ ਰੂਪ ਹੋ ਗਈ ਜਾਪਦੀ ਹੈ। ਬਹੁਤ ਸਾਰੇ ਵਿਦਵਾਨ ਕਈ ਲੇਖਕਾਂ ਤੇ ਕਵੀਆਂ ਦੀਆਂ ਕ੍ਰਿਤਾਂ ਦਾ ਅਧਿਐਨ ਕਰਦੇ ਹਨ ਜੋ ਆਮ ਪੜ੍ਹਨ, ਸੁਣਨ ਤੇ ਪੜਚੋਲਣ ਸਮੇਂ ਵਿਚਾਰੇ ਗਏ ਹਨ। ਉਹ ਕਾਫੀ ਸਾਰਥਕ ਨਤੀਜੇ ਕੱਢਦੇ ਹਨ। ਪਰ ਅਜਿਹੀ ਕ੍ਰਿਤ ਦੀ ਪੜਚੋਲ ਕਰਦਿਆਂ ਖਾਸ ਕਰਕੇ ਮੇਰੇ ਵਰਗੇ ਸਿਖਾਂਦਰੂ ਬੰਦਿਆਂ ਨੂੰ ਬਹੁਤ ਸੁਆਦ ਆਉਂਦਾ ਹੈ ਜਦੋਂ ਲੇਖਕ ਤੇ ਕਵੀ ਸਮਰੂਪ ਸ਼ਖਸੀਅਤ ਵਾਲੇ ਹੋਣ ਤੇ ਵਿਚਾਰਾਂ ਵਿੱਚ ਵੀ ਸਮਰੂਪ ਹੋ ਤੁਰਨ ਤੇ ਉਹ ਆਪਣੀਆਂ ਵੱਡੀਆਂ ਪ੍ਰਾਪਤੀਆਂ

ਨੂੰ ਕੁਝ ਨਾ ਸਮਝਣ। ਜਿਵੇਂ ਇਸ ਪੁਸਤਕ ਵਿੱਚ ਟੈਗੋਰ ਕਹਿੰਦਾ ਹੈ ਕਿ 'ਮੈਂ ਤਾਂ ਆਪਣੇ ਸਾਜ਼ ਦੀਆਂ ਤਾਰਾਂ ਸੁਰ ਕਰਦਿਆਂ ਹੀ ਆਪਣਾ ਸਮਾਂ ਲੰਘਾ ਦਿੱਤਾ ਹੈ' ਤੇ ਪ੍ਰੋ. ਪਿਆਰਾ ਸਿੰਘ ਪਦਮ ਇੰਨੀ ਘਾਲਣਾ ਤੋਂ ਬਾਅਦ ਇਸ ਪੁਸਤਕ ਦੇ ਦੋ ਸ਼ਬਦਾਂ ਵਿੱਚ ਕਹਿੰਦਾ ਹੈ ਕਿ 'ਜੋ ਸਰਿਆ ਸੋ ਕਰਿਆ ਦਾਅਵਾ ਕੋਈ ਨਹੀਂ।' ਇੱਥੇ ਹੀ ਬਸ ਨਹੀਂ ਟੈਗੋਰ ਨੇ ਆਪਣੀ ਸ਼ਖਸੀਅਤ ਨੂੰ ਆਪਣੇ ਗੀਤਾਂ ਨਾਲ ਵੀ ਇੱਕਸੁਰ ਕੀਤਾ ਹੈ ਜਦੋਂ ਉਹ 'ਗੀਤਾਂਜਲੀ' ਦੇ ਇੱਕ ਗੀਤ ਵਿੱਚ ਕਹਿੰਦਾ ਹੈ ਕਿ 'ਜੇ ਕਿਸੇ ਨੇ ਪ੍ਰਭੂ ਨੂੰ ਪਾਉਣਾ ਹੈ ਤਾਂ ਉਸ ਨੂੰ ਮਾਣ ਛਡ ਕੇ ਨਿਰਮਾਣ ਹੋਣਾ ਪਵੇਗਾ ਤੇ ਉਹ ਗ਼ਰੀਬ ਦੀਨ ਲੋਕਾਂ ਵਿੱਚੋਂ ਹੀ ਪਾਇਆ ਜਾ ਸਕੇਗਾ।

ਟੈਗੋਰ ਨੂੰ ਇੱਕ ਲਾਸਾਨੀ ਗੀਤਕਾਰ ਦੇ ਤੌਰ ਤੇ ਵਿਚਾਰਦਿਆਂ ਪ੍ਰੋ. ਪਿਆਰਾ ਸਿੰਘ ਪਦਮ ਦਾ ਕਹਿਣਾ ਹੈ ਕਿ ਹੋਰਨਾਂ ਗੁਣਾਂ ਤੋਂ ਇਲਾਵਾ ਟੈਗੋਰ ਦੀ ਕਲਾਕਾਰੀ ਵਾਤਾਵਰਣ ਬੰਨ੍ਹਣ ਵਿੱਚ ਵੀ ਹੈ, ਬਹੁਤੇ ਰੰਗਾਂ ਦੀ ਵਰਤੋਂ ਵੀ ਨਹੀਂ ਫਿਰ ਵੀ ਸਰਲਤਾ, ਨਿਸ਼ਕਪਟਤਾ ਵਿਸ਼ਵਾਸ਼ ਤੇ ਬਿਆਨੀਆਂ-ਸ਼ੈਲੀ ਇੱਕ ਅਨੋਖੀ ਸੂਹ ਪਾਉਂਦੀ ਪਾਠਕ ਨੂੰ ਆਪਣੇ ਵੱਲ ਖਿੱਚੀ ਲਈ ਜਾਂਦੀ ਹੈ। ਲੇਖਕ ਸਰੋਜਨੀ ਨੈਡੋ ਦੇ ਸ਼ਬਦਾਂ ਰਾਹੀਂ ਬਿਆਨ ਕਰਦਾ ਹੈ ਕਿ ਟੈਗੋਰ ਦੇ ਗੀਤ, ਪੀੜ੍ਹੀਉਂ ਪੀੜ੍ਹੀ ਬਹਾਰ ਦੇ ਪਹਿਲੇ ਫੁੱਲਾਂ ਵਾਂਗ ਚਾਨਣੀ ਰਾਤ ਵਿੱਚ ਖਿੜਦੇ ਹੀ ਰਹਿਣਗੇ ਤੇ ਜਗਤ ਨੂੰ ਸਦਾ ਸੁਗੰਧੀ ਵੰਡਦੇ ਰਹਿਣਗੇ।

ਪੁਸਤਕ ਦੇ ਦੂਜੇ ਭਾਗ ਵਿੱਚ ਲੇਖਕ ਨੇ ਕਵੀ ਟੈਗੋਰ ਦੀਆਂ ਤਿੰਨ ਕਿਰਤਾਂ ਗੀਤਾਂਜਲੀ, ਮਾਲੀ ਤੇ ਪੰਛੀ ਵਿਚਲੇ ਗੀਤਾਂ ਤੇ ਪ੍ਰਵਚਨਾਂ ਨੂੰ ਵਿਚਾਰਿਆ ਹੈ। ਲੇਖਕ ਦਾ ਕਹਿਣਾ ਹੈ ਕਿ 'ਗੀਤਾਂਜਲੀ' ਅਜੇਹੇ ਗੀਤਾਂ ਦਾ ਇੱਕ ਸ਼ਿਰੋਮਣੀ ਤੇ ਪ੍ਰਮੁੱਖ ਸੰਗ੍ਰਹਿ ਹੈ, ਜਿਸਦੀ ਵਿਸ਼ਾ ਵਸਤੂ ਦੀ ਗੰਭੀਰਤਾ ਤੇ ਡੂੰਘਿਆਈ ਕਲਾ ਦੀ ਸੁਹਾਵਣੀ ਛਹਿਬਰ ਨਾਲ ਇਤਨੀ ਲੋਕ-ਪ੍ਰਿਯ ਤੇ ਆਕਰਸ਼ਕ ਹੋ ਗਈ ਕਿ ਇਸ ਨੂੰ ਕਲਾ ਦੀ ਇੱਕ ਜਾਦੂਗਰਨੀ ਹੀ ਮੰਨਣਾ ਪਵੇਗਾ। ਗੀਤਾਂਜਲੀ ਵਿਚਲੇ ਗੀਤ ਆਤਮਾ ਦਾ ਪ੍ਰਮਾਤਮਾ ਨਾਲ ਸੰਵਾਦ ਰਚਾਉਂਦੇ ਹਨ। ਪਹਿਲੀਆਂ ਦੋ ਪੁਸਤਕਾਂ ਬਾਰੇ ਵਿਚਾਰ ਵਿਮਰਸ਼ ਪੜ੍ਹਨ ਤੋਂ ਪਤਾ ਚਲਦਾ ਹੈ ਕਿ 'ਗੀਤਾਂਜਲੀ' ਜਿੱਥੇ ਇਸ਼ਕ ਹਕੀਕੀ ਦਾ ਕਾਵਿ ਹੈ ਉੱਥੇ 'ਮਾਲੀ' ਇਸ਼ਕ ਮਜਾਜ਼ੀ ਦਾ। ਰਸਤਾ ਦੋਹਾਂ ਦਾ ਇੱਕ ਹੀ ਹੈ ਕਿਉਂਕਿ ਸੱਚੇ ਸੁੱਚੇ ਇਸ਼ਕ ਮਜਾਜ਼ੀ ਨੇ ਵੀ ਇੱਕ ਦਿਨ ਇਸ਼ਕ ਹਕੀਕੀ ਵਿੱਚ ਹੀ ਤਬਦੀਲ ਹੋ ਜਾਣਾ ਹੈ ਤੇ ਫੇਰ ਪ੍ਰੇਮ ਭਗਤੀ ਦਾ ਮਾਰਗ ਵੀ ਤਾਂ ਇਹੋ ਹੀ ਹੈ।

ਕੰਮ ਕਾਜ ਦੇ ਸਭਿਆਚਾਰ ਵਾਲੇ ਭਾਰਤੀ ਸਾਹਿਤ ਵਿੱਚ ਕ੍ਰਿਤ ਦੀ ਵਡਿਆਈ ਮਿਲਦੀ ਹੈ। ਇਸੇ ਕਰਕੇ ਟੈਗੋਰ ਦੇ ਸਾਹਿਤ ਨੂੰ ਭਾਰਤੀ ਸਰਵੋਤਮ ਸਾਹਿਤ ਦਾ ਦਰਜਾ ਮਿਲਿਆ ਹੈ ਕਿਉਂਕਿ ਗੀਤਾਂਜਲੀ ਵਿੱਚ ਇੱਕ ਥਾਂ ਤੇ ਟੈਗੋਰ ਕਹਿੰਦਾ ਹੈ ਕਿ ਰੱਬ ਵਿਹਲੇ ਬੈਠ ਕੇ ਮਾਲਾ ਫੇਰਨ ਵਾਲਿਆਂ ਨਾਲ ਨਹੀਂ ਤੇ ਨਾ ਹੀ ਮੰਦਰਾਂ ਜਾਂ ਪੂਜਾ ਸਥਾਨਾਂ ਤੇ ਹੈ ਸਗੋਂ ਰੱਬ ਤਾਂ ਉਹਨਾਂ ਕਿਸਾਨਾਂ ਨਾਲ ਹੈ ਜੋ ਖੇਤਾਂ ਵਿੱਚ ਹਲ ਚਲਾ ਰਹੇ ਹਨ ਅਤੇ ਉਹਨਾਂ ਮਜਦੂਰਾਂ ਨਾਲ ਹੈ ਜਿਹੜੇ ਸੜਕਾਂ ਤੇ ਪੱਥਰ ਤੋੜ ਰਹੇ ਹਨ। ਗੁਰਬਾਣੀ ਦੀ ਤੁਕ "*ਘਾਲਿ ਖਾਇ ਕਿਛੁ ਹਥਹੁ ਦੇਹ, ਨਾਨਕ ਰਾਹ ਪਛਾਣੈ ਸੇਹ॥*" ਵੀ ਤਾਂ ਇਹੋ ਕੁਝ ਦਰਸਾਂਦੀ ਹੈ। ਘੱਟੋ ਘੱਟ ਜੇ 'ਗੀਤਾਂਜਲੀ' ਵਿਚਲੇ ਗੀਤਾਂ ਨੂੰ ਗੁਰਬਾਣੀ ਦੀ ਵਿਚਾਰਧਾਰਾ ਤੇ ਉਸਰਿਆ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸੇ ਪ੍ਰਸੰਗ ਵਿੱਚ ਕਵੀ ਅੱਗੇ ਚੱਲ ਕੇ ਲਿਖਦਾ ਹੈ ਕਿ 'ਮੈਂ ਤਾਂ ਖਾਲੀ ਹੱਥ ਹੁੰਦਾ ਹੋਇਆ ਵੀ, ਬੜਾ ਆਸ਼ਾ-ਭਰਪੂਰ ਹੋ ਕੇ ਤੁਰਨ ਲੱਗਾ ਹਾਂ, ਮੇਰਾ ਸਫਰ ਜਦੋਂ ਸਿਰੇ ਲੱਗੇਗਾ ਤਾਂ ਸ਼ਾਮ ਦਾ ਸਤਾਰਾ ਜਗਮਗਾਉਂਦਾ ਹੋਵੇਗਾ ਤੇ ਸ਼ਾਹੀ ਮਹਲ ਦੇ ਦਰਵਾਜੇ ਉੱਤੇ ਕਲਿਆਣ ਕਾਨੜੇ ਦੀ ਧੁਨਿ ਗੂੰਜਦੀ ਸੁਣਾਈ ਦੇਵੇਗੀ।'

ਟੈਗੋਰ ਦੀਆਂ 'ਮਾਲੀ' ਤੇ 'ਪੰਛੀ' ਵਿੱਚੋਂ ਲੇਖਕ ਨੇ ਜ਼ਿੰਦਗੀ ਨੂੰ ਜੀਉਣ ਦੇ ਪ੍ਰਸੰਗਾਂ ਵਿੱਚ ਵਰਤੇ ਪ੍ਰਤੀਕਾਂ ਨੂੰ ਖ਼ੂਬ ਪਹਿਚਾਨਿਆ ਹੈ। ਬਾਬਾ ਫਰੀਦ ਦੇ ਅਜ਼ਰਾਈਲ ਫਰੇਸ਼ਤੇ ਦੇ '*ਕੈ ਘਰਿ ਨਾਠੀ ਅੱਜ*' ਵਾਂਗ ਪੁਸਤਕ ਦੇ ਪੰਨਾ 100 ਤੇ ਦਰਜ਼ ਹੈ ਕਿ 'ਬਹੂ! ਕੀ ਤੂੰ ਸੁਣਦੀ ਹੈਂ? ਪ੍ਰਾਹੁਣਾ ਤਾਂ ਆ ਗਿਆ ਹੈ। ਹੁਣ ਇਹ ਕੰਮਕਾਰ ਰਹਿਣ ਦੇ।' ਰਹੱਸਮਈ ਪ੍ਰਵਿਰਤੀ ਅਧੀਨ ਉਹ ਕੁਝ ਕਹਿਣ ਦੀ ਤਾਕਤ ਹੈ ਜੋ ਵਿਸਥਾਰ ਵਿੱਚ ਨਹੀਂ ਹੋ ਸਕਦੀ। 'ਮਾਲੀ' ਤੇ 'ਪੰਛੀ' ਵਿੱਚ ਜੋ ਪ੍ਰਵਚਨ ਹਨ ਉਹ ਬੇਹੱਦ ਸੰਖਿਪਤ ਅਤੇ ਜ਼ਿੰਦਗੀ ਦੇ ਬਹੁਮੁਲੇ ਨੁਸਖੇ ਹਨ। ਇਹਨਾਂ ਨੁਸਖਿਆਂ ਨੂੰ ਜ਼ਿੰਦਗੀ ਦੇ ਪ੍ਰਸੰਗ ਵਿੱਚ ਵੇਖਣ ਪਰਖਣ ਲਈ ਪ੍ਰਕ੍ਰਿਤੀ ਵਿਚਲੀ ਨਿੱਕੀ ਤੋਂ ਨਿੱਕੀ ਚੀਜ਼ ਨੂੰ ਵਾਬਸਤਾ ਕੀਤਾ ਗਿਆ ਹੈ। ਸੰਖਿਪਤ ਵਿਚਾਰਾਂ ਦਾ ਘੇਰਾ ਵਿਸ਼ਾਲ ਦ੍ਰਿਸ਼ਟੀ ਵਾਲਾ ਹੈ। ਮਾਨੋ ਕੁੱਜੇ ਵਿੱਚ ਸਮੁੰਦਰ

ਬੰਦ ਹੋਇਆ ਪਿਆ ਹੈ।

ਰਿਸ਼ੀਨੁਮਾ ਮਹਾਂਕਵੀ ਟੈਗੋਰ ਦੇ ਵਿਚਾਰ ਮਨੁੱਖ ਮਾਤ੍ਰ ਲਈ ਔਸ਼ਧੀ ਦਾ ਕੰਮ ਕਰਨ ਦੀ ਸਮਰੱਥਾ ਰੱਖਦੇ ਹਨ। ਪੁਸਤਕ 'ਟੈਗੋਰ-ਤ੍ਰਿਬੈਣੀ' ਪ੍ਰੋ. ਪਿਆਰਾ ਸਿੰਘ ਪਦਮ ਵਲੋਂ ਹੋਰਨਾਂ ਕਿਰਤਾਂ ਵਾਂਗ ਬੜੇ ਲਗਾਓ ਨਾਲ ਤਿਆਰ ਕੀਤੀ ਜਾਪਦੀ ਹੈ ਕਿਉਂਕਿ ਜਿੰਨੀ ਪੁਸਤਕ ਦੀ ਦਿੱਖ ਚੰਗੀ ਹੈ ਉਨੀ ਹੀ ਇਸ ਦੇ ਅੰਦਰ ਦੀ ਖ਼ੂਬਸੂਰਤੀ ਵੀ ਬਰਕਰਾਰ ਹੈ। ਇੱਕ ਤਾਂ ਪੁਸਤਕ ਦੇ ਪਰੂਫ ਵਗੈਰਾ ਬੜੀ ਗੰਭੀਰਤਾ ਨਾਲ ਪੜ੍ਹੇ ਜਾਪਦੇ ਹਨ ਤੇ ਦੂਜਾ ਟੈਗੋਰ ਦੇ ਵਿਚਾਰਾਂ ਨੂੰ ਖਾਸ ਤਰਤੀਬ ਵਿੱਚ ਰੱਖਦਿਆਂ ਪ੍ਰੋ. ਪਦਮ ਨੇ ਆਪਣੇ ਵਿਸ਼ਾਲ ਤਜ਼ਰਬੇ ਦੀ ਪਾਣ ਚਾੜ੍ਹੀ ਹੈ। ਲੇਖਕ ਵਧਾਈ ਦਾ ਪਾਤਰ ਹੈ ਜਿਸਨੇ ਆਪਣੇ ਸਾਰਥਕ ਕਾਰਜਾਂ ਦੀ ਲੜੀ ਨੂੰ ਟੁੱਟਣ ਨਹੀਂ ਦਿੱਤਾ। ਕਾਸ਼! ਇਹ ਨਿਰੰਤਰਤਾ ਬਣੀ ਰਹੇ ਤੇ ਸਾਨੂੰ ਵਡਮੁੱਲੇ ਭਾਰਤੀ ਸਾਹਿਤ ਦੇ ਮੁਲਾਂਕਣ ਵਾਲੀਆਂ ਪੁਸਤਕਾਂ ਪੜ੍ਹਨ ਲਈ ਮਿਲਦੀਆਂ ਰਹਿਣ। ■


*With compliments from*

Phone : (O) 3312440
Resi. : 5721753

**Sawhney Cloth House**

46, Shanker Market, Connaught Circus, New Delhi - 110 001


*A Friend Is A Treasure*

A special friend is someone
who will always mean so much.
Someone who will always care
and always keep in touch.
A special friend is almost like
a sister or a brother.
For there are things that you can only
tell to one another...
A special friend
can help you through
your very hardest days.
Or brighten up the good times
with their caring, thoughtful ways.
That's why, of all the many joys
that life could ever send.
There is no greater treasure
than a very special friend!


**With best compliments from a wellwisher**

# THE TEN COMMANDMENTS OF SUCCESS

1. **Speak to people :** There is nothing as nice as a cheerful greeting.

2. **Smile :** It takes 72 muscles to frown - only 14 to smile.

3. **Call people by name :** Everyone is pleased when you remember their name.

4. **Be friendly & helpful** and others will respond in like manner.

5. **Speak & act** as if everything you do were a genuine pleasure.

6. **Be generally interested** in people.

7. **Be generous** with praise cautious with criticism.

8. **Be considerate** with the feelings of others, it will be appreciated.

9. **Be thoughtful** of the opinions of others, it will be appreciated.

10. **Be willing** to give service, what counts most in life what we do for others.

**PAGE SPONSORED BY : AHUJA FAMILY**
C-353, Defence Colony New Delhi 110 024

# "KHALSA" - THE CULMINATION OF GURU NANAK'S SPIRITUAL REVOLUTION

**Bhagwant Singh Dalawari**
Tapovan, Amravati 444 602 (Maharashtra)

Guru Gobind Singh created *Khalsa* through his dramatic spiritual conquest over fear and death in 1699 when five disciples, one by one, responded affirmatively to Guru's demand for their heads on Baisakhi Day. That He administrated *Amrit* to them and took *Amrit* from them creating the well-known *AAPE GUR* CHELA concept became the master stroke in the development of Sikhism, founded by Guru Nanak born in 1469. Two things must be understood at the outset:

1. Guru Nanak silently but surely embarked upon a spiritual revolution rousing the dilapidated, dejected society to its manly existence in self-respect by raising their self-respect in their own eyes, purity of self-annihilation as distinct from inferiority complex in which the people were entrenched.
2. Guru Nanak's teachings were absolutely universal for one and all, the hallmark being truth, love and resistance to the wrong through which he befriended, guided, welded and united all the people into righteousness, *Sarbat Da Bhala* and later into an assembly of the Sikhs from among Hindus and Muslims.

Guru Nanak's contribution, both as a founder and as a practical Master spiritualist should be assessed in terms of his own assertion: SACHON URE SABKAU UPPAR SACH ACHAR (Everything is below truth, but higher than truth is truthful conduct.) That Guru Nanak and his successors beautifully fulfilled promises and tenets of his unique faith, is marked by the following distinct projections:

1. Our Gurus never said anywhere anything which they would not do or had not already done. In this way they gave the perfect examples of what they intended to teach us and ensured that just because they were "Gurus", they should not expect their followers to do what they themselves did not do.
2. Although the Sikhs were prepared to lay down their lives at the commands of the Gurus and offered numerous sacrifices for the faith, the Gurus never treated them to be cow-herds to do what they were ordered to. On the contrary the Gurus bound them all into a fraternity including themselves and created *Sadhsangat*, the rules and traditions of which they themselves followed. In other words Gurus never gave the impression that they were 'superior' to the Sikhs. In this connection:
   a) Guru Arjan and his wife went all the way from their base to the place of stay of the *Sangat* from *Peshawar* and both of them, incognito, served them with food and service throughout the night calling them Guru-*Ki*-Sangat, although the Guru knew that they were coming to pay respects to him their Guru.
   b) Guru Nanak treated Mardana as his friend and companion-in-prayer,

although he was his disciple and then throughout their long travels the Guru came to his rescue many times even when the latter had knowingly or unknowingly violated his instructions.

3. Guru Nanak created a system by which *Amrit* flowing from total self-surrender and singing of the praises of the Lord should become so immortal that the Sikhs should forget their bodies, external physical comfort and worldly gains to the exclusion of the 24-presence of the Lord, who, in his opinion, was omni-present, omni-scient and omni-potent. What is important is that Guru Nanak brought out in blissful ecstasy the manifestation of *Amrit* which is embedded in every heart.
4. With righteousness as their guiding light and the Guru as the ideal, the Sikhs never wavered because the Gurus never themselves wavered in their resolve to preserve righteousness even at the cost of their lives. Guru Nanak defied Babar, Guru Angad Humayun and Guru Arjan become the first Sikh martyr laying down the norm for Sikhs to sacrifice their lives if need be, like their Gurus.
5. What is remarkable is that our Gurus loved all Mankind so passionately that they made no distinction of religious label-Hindu or Muslim-in their pursuit of truth. No doubt, Guru Nanak had said: Na Ko Hindu Na Mussalman, signifying that he recognised humanity and had equal affinity and association with Hindus and Muslims. Guru Nanak had Mardana by his side throughout the latter's life, but what Guru Arjan did was spectacular:
   a) For laying the foundation-stone of Harmandir Sahib in Amritsar, the Guru chose a Muslim divine, Hasrat Mian Mir, thereby crystallising the thought that spirituality belonged to all. We talk of inter-faith dialogue today but Guru Arjan could find nothing unnatural in a Muslim laying the foundation stone of the principal Sikh shrine. I am personally proud of this universality.
   b) Compiling the Granth Sahib for posterity. Guru Arjan did not restrict the inclusion of divine words only of Sikh Gurus, but included all available spirituality coming from Hindus, Muslims or even so-called untouchables. The extent of Sikh universality can be gauged by the fact that Kabir, Ravidas, Naamdev, Jaidev, Farid, Bhikhan speak from Guru Granth Sahib along with Sikh Gurus, although they come from different religions, different States and different backgrounds. Yet all of them concentrate on *Prema-Bhakti* through *Naam* as distinct from *Karam-Kand Bhakti*.
   c) That Guru Arjan, because of his nobility and piety, spirituality and universal brotherhood, incurred so much wrath from the Muslim ruler, Jehangir, is clear from the King's reasons for Guru's martyrdom. In the words of Jehangir, Guru had opened a shop through which both Hindus and Muslims were being befooled.

6. Sikh spirituality has gone so deep into the psyche of the followers that universal love and fraternity had become rooted into their lives. So, also the defiance of tyranny, upholding of righteousness, etc. A child of 9, Gobind - later Guru Gobind Singh - standing by the side of his father, Guru Tegh Bahadur when Kashmiri Pandits had called on him, suggested to him that no body could be a higher individual than him if what was needed was a sacrifice of a great soul. In other words, the young boy prays to his father to lay down his life for righteousness, just as he later inspired his own 4 children to sacrifice their lives for the truth and lofty ideals of Sikhism.
7. Look at the Baisakhi Day in 1699. There is no fore-warning there is no public information, there is no expectation of such a great event. All of a sudden the Guru declares that his sword wants the blood of a disciple. Is anyone prepared to lay down his life for the Guru? No reasons, no explanations, no canvassing, no bribing, no pleadings. A command of love receives the offer of love. Not once, five times. That shows that the Amrit that the Guru administered to the five beloveds as *Khande-Da-Amrit* had already been entrenched in the psyche of the Sikhs as the Amrit of Guru's Commands.
8. Although it looked to the superficial historian or a biased chronicler that Guru Gobid Singh had deviated from the principles of Guru Nanak, it is crystal clear that what formed the Basis of the *Khalsa*, was initiated by Guru Nanak. But discerning and sincere scholars knew that Guru Gobind Singh was merely completing the mission of the first Guru. Annie Basant and theosophical writer of the Gospel of Sikhism clearly brings out the continuity of the doctrine with the tenth master's understanding of the need to protect it with armed resistance, if necessary.
9. Let me now present the words of three of our Masters which would clearly demonstrate that there was no difference between one or the other Guru, right from Guru Nanak to Guru Gobind Singh:

    i) Jau Tau Prem Khelan Ka Chaao
    Sir Dhar Tali Gali Meri Aao
    Itt Marag Peir Dhireeje
    Sir Deeje Kaan Na Keeje

    (If you are enthusiastic to play the game of love, put your head on your palm, then come to my path. When you take the first step on this path, be prepared to lay down your life, if necessary.)

    (Guru Nanak from G.G.S. Page 1412)

    ii) Pehlan Maran Kabool Jeevan Ki Chhad Aas
    Hoe Sabhna Ki Renka Tau Aaao Hamare Paas

    (First accept to eliminate yourself, forget to live in pleasures. Become the

dust of the feet of all, then come to me.)

(Guru Arjan from G.G.S. Page 1102)

iii) Guru Gobind Singh actually implemented the words of Guru Nanak on Baisakhi Day 1699: That's how five beloveds were born, but let us look at Guru's vision:

DEORA MASIT SOI POOJA NAMAZ OHI

(Temple or mosque, they are the same, Hindu form of worship or Muslim Namaz, they are the same.)

(Akal Ustat, Guru Gobind Singh)

MANAS KI JAAT SABHE EKE PEHCHANBO

(Recognise whole human race as of one caste.)

(Akal Ustat, Guru Gobind Singh)

What is to be noted is that even after Guru Gobind Singh created the new *Khalsa* order as culmination of Sikhism, he did not create divisions in humanity and did not regard less valuable the concept of universality.

Thus when *Khalsa* was born, the necessary instructions were issued to ensure that previous caste distinctions, previous religious inclinations of karamkand type, previous affiliations of family traditions and previous professional inclinations were all to be abandoned and the one united *Khalsa* was to be adhered to. For that -

1. Ceaseless remembrance of the Lord with His light burning within, was the requirement.
2. Service of humanity and sacrifice for righteousness were the principles.
3. Defiance of the wrong and resistance to tyranny were the guidelines.
4. Love for all mankind and love and respect for all religions was embedded in the Khalsa.
5. Love truth and humility were to guide our destiny.

One cannot imagine that the great masters that we call our Gurus could be so humble that one is almost ashamed to read their words. Look at the following verses:

KHATION JAMME KHATE KAR
NIT KHATIAN VICH PAAYE
DHOTE MOOL NA UTRE JE SAU DHOVAN PAE
NANAK BAKSE BAKSIE NAHIN TAN PAHI PAHE

(I was born in sin and go on sinning; even if I am washed a hundred times, I cannot be washed. If the Lord chooses to forgive me, then only can I be forgiven, otherwise I shall be given shoebeating.

(Guru Nanak, G.G.S. Page 149)

MER KARO TRIN TE MUHE JAHE
GARIBNIVAS NA DOOSAR TAU SAU

BHOOL CHHIMO HAMRI PRABH AAPAN
BHOOLANHAR KAHUN KOU MAU SAU

(I was a small straw and You, the Lord, turned me into a mountain; no one else can be protector of the poor as You are. And my Lord, where can there be another sinner like me?)

(Guru Gobind Singh, Bachitar Natak)

I have prepared, I think, a small outline of what the *Khalsa* is supposed to be, what our masters intended us to be and how our Gurus themselves gave us the examples of the *Khalsa* and how our forefathers had sacrificed their everything to uphold righteousness and, finally, how our mothers and sisters had had their children cut up and put in their laps and even when our brothers were sawed alive, burnt alive, bricked alive or shot dead tied to the trees, no one ever surrendered or apologised. They sacrificed their lives willingly to uphold the truth.

Before I conclude, I would like to have a look at the likes of me, who call themselves sikh or *Khalsa*, but who have sold all principles to personal gain, pelf and power. Let us not forget that elections are held even for the highest religious seat in Delhi or Amritsar, through wining and dining and through bribery. Surely, we have forgotten all that was bestowed on us.

The most important principle for our religious purity is *Amrivela* prayers, but we seem to have totally forgotten it although ceremonially in Gurudwaras, *Amrivela* kirtan, prayers and meditations are held. Then the next principle is to live in the presence of the Lord, 24 hours. We do not pay heed to it. Then we are required to live in truth, love and humility. We do not find these qualities in us. Let us remember that our Guru thought of us as his own special form.

KHALSA MERO ROOP KHAAS
KHALSE MEIN HOWN KAROUN NIVAS

(Khalsa is my special form and in the *Khalsa* I reside myself.)

I shamefully admit that I cannot claim that Guru Gobind Singh lives in me. That is why we are in dire straits now and we quarrel among ourselves in the gurdwaras, we indulge in mud-slinging everywhere, we indulge in fights and then we drag people to court. Is this the picture of the special roop of Guru Gobind Singh?

No publicity, no articles, no newspapers, no magazines, and no seminars can save us from a bad image, unless our own conduct matches with the Guru's dictates. That is why, we are now in bad condition:

And Guru Gobind Singh said:

JAB EH GAHE BIPRIN KE REET MEIN NA KAROUN INKI PARTEET

(When *Khalsa* indulges in Brahmanic rituals and his deeds do not match his words, I shall not stand by him.)

Shall we wake up? ■

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਗਉੜੀ ਮਾਲਾ ਮਹਲਾ ੫।। | Gauri Mala 5th Guru. | ਗਉੜੀ ਮਾਲਾ ਪਾਤਸ਼ਾਹੀ ਪੰਜਵੀਂ। |
|---|---|---|
| ਭਾਵਨੁ ਤਿਆਗਿਓ ਰੀ ਤਿਆਗਿਓ।। | O, my friend my desires I have eschewed and renounced. | ਹੇ ਮੇਰੀ ਸਖੀ, ਆਪਣੀਆਂ ਖ਼ਾਹਿਸਾਂ ਮੈਂ ਛੱਡ ਤੇ ਤਿਆਗ ਦਿੱਤੀਆਂ ਹਨ। |
| ਤਿਆਗਿਓ ਮੈ ਗੁਰ ਮਿਲਿ ਤਿਆਗਿਓ।। | By meeting the Guru, I have left and forsaken them. | ਗੁਰਾਂ ਨੂੰ ਮਿਲਣ ਦੁਆਰਾ ਮੈਂ ਉਹਨਾਂ ਨੂੰ ਤਲਾਂਜਲੀ ਤੇ ਛੁੱਟੀ ਦੇ ਦਿੱਤੀ ਹੈ। |
| ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ੧।। | I have obtained all the comforts, joys, rejoicings and relishes by obeying world-Lord's will. | ਜੱਗ ਦੇ ਸਾਂਈ ਦੀ ਰਜ਼ਾ ਦਾ ਪਾਲਣ ਕਰਨ ਦੁਆਰਾ ਮੈਂ ਸਾਰੇ ਆਰਾਮ, ਖ਼ੁਸ਼ੀਆਂ, ਉਮਾਹ ਤੇ ਸੁਆਦ ਪਾ ਲਏ ਹਨ। |
| ਰਹਾਉ।। | Pause. | ਠਹਿਰਾਉ। |
| ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ।। | For me, honour and dishonour both are alike. My forehead I have placed on Guru's Feet. | ਮੇਰੇ ਲਈ ਇੱਜ਼ਤ ਤੇ ਬੇ-ਇਜ਼ਤੀ ਦੋਨੋਂ ਇੱਕ ਸਮਾਨ ਹਨ।ਆਪਣਾ ਮੱਥਾ ਮੈਂ ਗੁਰਾਂ ਦੇ ਚਰਨਾਂ ਉੱਤੇ ਟੇਕ ਦਿੱਤਾ ਹੈ। |
| ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ।।੧।। | Wealth pleases, and calamity discomforts me not, for I have embraced love for the Lord. | ਮੈਨੂੰ ਦੌਲਤ ਖ਼ੁਸ਼ੀ ਅਤੇ ਅਪਦਾ ਦੁਖੀ ਨਹੀਂ ਕਰਦੀ ਕਿਉਂ ਜੋ ਮੇਰੀ ਪ੍ਰੀਤ ਪ੍ਰਭੂ ਨਾਲ ਪੈ ਗਈ ਹੈ। |
| ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।। | The One Lord abides in home, and is seen in wilderness as well. | ਇੱਕ ਸੁਆਮੀ ਘਰ ਵਿੱਚ ਵਸਦਾ ਹੈ ਅਤੇ ਬੀਆਬਾਨ ਵਿੱਚ ਭੀ ਵੇਖਿਆ ਜਾਂਦਾ ਹੈ। |
| ਨਿਰਭਉ ਭਏ ਸੰਤ ਭ੍ਰਮ ਡਾਰਿਓ ਪੂਰਨ ਸਰਬਾਗਿਓ।।੨।। | The saint has shed my doubt and I have become fearless. The Omniscient Lord is fully filling all. | ਸਾਧੂ ਨੇ ਮੇਰਾ ਸੰਦੇਹ ਦੂਰ ਕਰ ਦਿੱਤਾ ਹੈ, ਤੇ ਮੈਂ ਨਿਡੱਰ ਹੋ ਗਿਆ ਹਾਂ। ਸ੍ਰਬੱਗ ਸੁਆਮੀ ਸਮੂਹ ਨੂੰ ਪੂਰੀ ਤਰ੍ਹਾਂ ਭਰ ਰਿਹਾ ਹੈ। |
| ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ।। | Whatever work the Creator does, seems not unpleasant to my mind. | ਜਿਹੜਾ ਕੰਮ ਭੀ ਸਿਰਜਣਹਾਰ ਕਰਦਾ ਹੈ, ਮੇਰੇ ਚਿੱਤ ਨੂੰ ਨਾਂ-ਖ਼ੁਸ਼ਗਵਾਰ ਨਹੀਂ ਲਗਦਾ। |
| ਸਾਧ ਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ।।੩।। | By the grace of the congregation of the righteous and the Saints my sleeping soul has awakened. | ਸਚਿਆਰਾ ਦੀ ਸੰਗਤ ਅਤੇ ਸਾਧਾਂ ਦੀ ਦਇਆ ਦੁਆਰਾ ਮੇਰੀ ਸੁੱਤੀ ਹੋਈ ਆਤਮਾ ਜਾਗ ਉਠੀ ਹੈ। |
| ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ।। | Serf Nanak has sought Thy support, and entered Thine sanctuary. | ਨਫ਼ਰ ਨਾਨਕ ਨੇ ਤੇਰਾ ਆਸਰਾ ਲਿਆ ਅਤੇ ਤੇਰੀ ਸ਼ਰਨਾਗਤ ਸੰਭਾਲੀ ਹੈ। |
| ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ।।੪।।੨।।੧੬੦।। | In the love of Name, Nanak enjoys supreme bliss, and pain touches him not again. | ਨਾਮ ਦੀ ਪ੍ਰੀਤ ਅੰਦਰ ਨਾਨਕ ਪਰਮ-ਅਨੰਦ ਭੋਗਦਾ ਹੈ, ਅਤੇ ਪੀੜ, ਮੁੜਕੇ ਉਸ ਨੂੰ ਛੂੰਹਦੀ ਤਕ ਨਹੀਂ। |

| ਗਉੜੀ ਮਹਲਾ ੯॥ | **Gauri 9th Guru.** | ਗਉੜੀ ਪਾਤਸ਼ਾਹੀ ਨੌਵੀਂ। |
|---|---|---|
| ਸਾਧੋ ਗੋਬਿੰਦ ਕੇ ਗੁਨ ਗਾਵਉ॥ | O Saints, sing the praises of the World-Master. | ਹੇ ਸੰਤੋ! ਸ੍ਰਿਸ਼ਟੀ ਦੇ ਸੁਆਮੀ ਦਾ ਜੱਸ ਗਾਇਨ ਕਰੋ। |
| ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ | You have obtained the invaluable human life. Why waste in away in vain? | ਤੁਹਾਨੂੰ ਅਣਮੁੱਲਾ ਮਨੁੱਖਾ ਜੀਵਨ ਮਿਲਿਆ ਹੈ। ਇਸ ਨੂੰ ਵਿਅਰਥ ਕਿਉਂ ਗਵਾਉਂਦਾ ਹੋ? |
| ਰਹਾਉ॥ | Pause. | ਠਹਿਰਾਉ। |
| ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥ | God is the Purifier of sinners, and the relation of the meek. Enter thou unto His Sanctuary. | ਵਾਹਿਗੁਰੂ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ, ਅਤੇ ਮਸਕੀਨਾਂ ਦਾ ਸਨਬੰਧੀ ਹੈ। ਤੁਸੀਂ ਉਸ ਦੀ ਛਤ੍ਰਛਾਇਆ ਹੇਠ ਆਓ! |
| ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥੧॥ | What for do you forget Him, by remembering whom elephant's fear was removed? | ਕਾਹਦੇ ਲਈ ਤੁਸੀਂ ਉਸ ਨੂੰ ਭੁਲਾਉਂਦੇ ਹੋ, ਜਿਸ ਦਾ ਚਿੰਤਨ ਕਰਨ ਦੁਆਰਾ ਹਾਥੀ ਦਾ ਡਰ ਦੂਰ ਹੋ ਗਿਆ ਸੀ? |
| ਤਜਿ ਅਭਿਮਾਨੁ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥ | Lay aside pride, temporal love, worldly valuables and, then, apply your mind to Lord's meditation. | ਹੰਕਾਰ, ਸੰਸਾਰੀ ਮਮਤਾ ਅਤੇ ਦੁਨਿਆਵੀ ਪਦਾਰਥਾਂ ਨੂੰ ਛੱਡ ਦਿਉ ਤੇ ਤਦ, ਸੁਆਮੀ ਦੇ ਸਿਮਰਨ ਨਾਲ ਆਪਣੇ ਮਨ ਨੂੰ ਜੋੜੋ! |
| ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥੨॥੫॥ | Says Nanak, this is the way to salvation. Become thou the followers of the Guru, and attain it. | ਗੁਰੂ ਜੀ ਆਖਦੇ ਹਨ, ਇਹ ਹੈ ਕਲਿਆਣ ਦਾ ਰਸਤਾ। ਤੁਸੀਂ ਗੁਰੂ ਕੇ ਸਿੱਖ ਬਣ ਕੇ ਇਸ ਨੂੰ ਪ੍ਰਾਪਤ ਹੋਵੋ। |


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

**ਡਾ. ਗੁਰਨਾਮ ਸਿੰਘ**
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗਉੜੀ ਮਾਲਾ

ਗਉੜੀ ਦੇ ਪ੍ਰਕਾਰਾਂ ਵਿੱਚੋਂ ਗਉੜੀ ਮਾਲਾ ਇੱਕ ਅਪ੍ਰਚਲਿਤ ਰਾਗ ਪ੍ਰਕਾਰ ਹੈ, ਜਿਸ ਨੂੰ ਭਾਰਤੀ ਸੰਗੀਤ ਗ੍ਰੰਥਾਂ ਵਿੱਚ ਜ਼ਿਕਰ ਨਹੀਂ ਮਿਲਦਾ। ਇਹ ਰਾਗ ਗੁਰਮਤਿ ਸੰਗੀਤ ਪਰੰਪਰਾ ਦੇ ਮੌਲਿਕ ਰਾਗ ਵਜੋਂ ਜਾਣਿਆਂ ਜਾਂਦਾ ਹੈ। ਗੁਰਮਤਿ ਸੰਗੀਤਾਚਾਰੀਆ ਵਿੱਚ ਇਸ ਰਾਗ ਦੇ ਕਈ ਕਿਰਿਆਤਮਕ ਸਰੂਪ ਪ੍ਰਚੱਲਿਤ ਹਨ। ਇਸ ਰਾਗ ਵਿੱਚ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਬਾਣੀ ਦੀ ਰਚਨਾ ਕੀਤੀ। ਇਸ ਰਾਗ ਵਿੱਚ ਰਿਸ਼ਭ, ਗੰਧਾਰ, ਧੈਵਤ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ ਵਾਦੀ ਧੈਵਤ, ਸੰਵਾਦੀ ਰਿਸ਼ਭ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸੰਪੂਰਣ ਹੈ।

**ਆਰੋਹ** : ਸ ਰੇ ਗੁ, ਮ ਪ ਧੁ, ਨੀ ਸਂ।
**ਅਵਰੋਹ** : ਸਂ ਨੀ ਧੁ ਪ, ਮ ਗੁ ਰੇ, ਸ।
**ਮੁੱਖ ਅੰਗ** : ਰੇ ਗੁ ਰੇ, ਸ, ਨ਼ੀ ਸ, ਧੁ, ਪ ਮ ਗੁ ਰੇ, ਸ।
**ਸੁਰ ਵਿਸਥਾਰ** :
1. ਸ ਰੇ ਨ਼ੀ ਸ ਨ਼ੀ, ਧੁ ਨੀ ਸ, ਗੁ ਰੇ ਸ, ਸ ਰੇ ਗੁ, ਮ ਪ ਧੁ ਪ, ਮ ਗੁ ਰੇ, ਸ।
2. ਸ ਰੇ ਗੁ, ਮ ਪ ਧੁ ਪ, ਮ ਪ ਧੁ ਨੀ, ਨੀ ਧੁ ਪ, ਧੁ ਪ ਮ ਗੁ ਰੇ, ਨ਼ੀ ਸ।
3. ਮ ਪ ਧੁ, ਨੀ ਸਂ, ਸਂ ਰੇਂ ਨੀ ਸਂ ਨੀ, ਧੁ ਪ, ਪ ਧੁ ਨੀ ਸਂ, ਰੇਂ ਗੁਂ ਗੁਂ ਰੇਂ, ਸਂ ਨੀ ਧੁ, ਪ, ਮ ਪ ਧੁ ਨੀ, ਧੁ ਪ, ਮ ਗੁ ਰੇ, ਨੀ ਸ।

**ਰਾਗ ਗਉੜੀ ਮਾਲਾ** **ਇੱਕ ਤਾਲ**

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | | | | |
| ਰੇ | – | ਗੁ | ਰੇ | – | ਸ | – | – | ਸ | – | ਧੁ | – |
| ਭਾ | ऽ | ऽ | ਵ | ऽ | ਨੁ | ऽ | ऽ | ਤਿਆ | ऽ | ਗਿਓ | ऽ |
| ਪ | – | – | – | – | – | ਧੁ | ਪ | ਗੁ | ਰੇ | ਸ | – |
| ਗੀ | ऽ | ऽ | ऽ | ऽ | ऽ | ਤਿਆ | ऽ | ਗਿਓ | ऽ | ऽ | ऽ |
| ਧੁਪ | ਮਪ | ਧੁ | ਨੀ | ਧੁ | – | ਨੀ | – | – | – | – | ਪ |
| ਤਿਆ | ऽऽ | ऽ | ऽ | ऽ | ऽ | ਗਿਓ | ऽ | ऽ | ऽ | ऽ | ਮੈ |
| ਸਂ | ਸਂ | ਨੀ | ਧੁ | ਧੁ | ਪ | ਪ | – | – | – | – | – |
| ਗੁ | ਰ | ਮਿ | ਲਿ | ਤਿਆ | ऽ | ਗਿਓ | ऽ | ऽ | ऽ | ऽ | ऽ |
| ਮ | ਮ | ਪ | ਧੁ | ਪ | ਧੁਨੀ | ਸਂ | ਸ | ਸਂ | ਸਂਸਂ | ਸਂ | ਸਂ |
| ਸ | ਰ | ਬ | ਸੂ | ਖ | ਆ | ਨੰ | ਦ | ਮੰ | ਗਲ | ਰ | ਸ |
| ਸਂ | ਨੀ | ਧੁ | ਪ | ਪ | – | ਧੁ | ਪ | ਗੁ | ਰੇ | ਸ | – |
| ਮਾ | ऽ | ਨਿ | ਗੋ | ਬਿੰ | ऽ | ਦੈ | ऽ | ਆ | ऽ | ਗਿ | ਓ |
| ***ਅੰਤਰਾ*** | | | | | | | | | | | |
| ਮਮ | ਮ | ਪ | ਧੁ | – | ਧੁ | ਸਂ | ਸਂ | ਸਂ | ਸਂ | – | ਸਂ |
| ਮਾਨੁ | ਅ | ਭਿ | ਮਾ | ऽ | ਨੁ | ਦੋ | ਊ | ਸ | ਮਾ | ऽ | ਨੇ |

| | | | | | | | | | | | |
|---|---|---|---|---|---|---|---|---|---|---|---|
| – | – | ਸਂ | -ਸਂ | ਸਂ | ਰੇਂ̱ | ਗੁਂ | ਰੇ̱ | ਸਂ | – | ਸਂ | ਸਂ |
| ऽ | ऽ | ਮ | ऽਸ | ਤ | ਕੁ | ਡਾ | ऽ | ਰਿ | ऽ | ਗੁ | ਰ |
| ਸਂ | – | ਨੀ | ਧੁ | ਪ | – | – | – | – | – | – | – |
| ਧਾ | ऽ | ਗਿਓ | ऽ | ऽ | ऽ | ऽ | ऽ | ऽ | ऽ | ऽ | ऽ |
| ਮ | ਪ | ਪ | ਧੁਧੁ | ਪ | ਧੁ | ਸਂ | ਸਂ | ਸਂ | ਸਂ | – | ਸਂ |
| ਸੰ | ਪ | ਤ | ਹਰ | ਖੁ | ਨ | ਆ | ਪ | ਤ | ਦੂ | ऽ | ਖਾ |
| – | – | ਸਂ | – | ਸਂ | ਰੇਂ̱ | ਗੁਂ | ਰੇਂ̱ | ਸਂ | ਸਂ | – | – |
| ऽ | ऽ | ਰੰ | ऽ | ਗੁ | ऽ | ਠਾ | ऽ | ਕੁ | ਰੈ | ऽ | ऽ |
| ਸਂ | – | ਨੀ | ਧੁ | ਪ | – | – | – | – | – | – | – |
| ਲਾ | ऽ | ਗਿਓ | ऽ | ऽ | ऽ | ऽ | ऽ | ऽ | ऽ | ऽ | ऽ |
| ਸਂ | ਨੀ | ਧੁ | ਪ | ਪ | – | ਧੁ | ਪ | ਗੁ | ਰੇ̱ | ਸ | – |
| ਰੰ | ਗੁ | ਠਾ | ऽ | ਕੁ | ਰੈ | ਲਾ | ऽ | ਗਿਓ | ऽ | ऽ | ऽ* |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

## ਗਉੜੀ

ਰਾਗ ਗਉੜੀ ਇੱਕ ਪ੍ਰਾਚੀਨ ਅਤੇ ਪ੍ਰਸਿੱਧ ਰਾਗ ਹੈ। ਗੁਰਮਤਿ ਸੰਗੀਤ ਵਿੱਚ ਇਹ ਇੱਕ ਮਹੱਤਵਪੂਰਣ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੩, ੪, ੫, ੯ ਅਤੇ ਭਗਤ ਕਬੀਰ ਜੀ ਦੀ ਬਾਣੀ ਅੰਕਿਤ ਹੈ। ਰਾਗ ਗਉੜੀ ਬਾਰੇ ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ:

*ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥*
*ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੧)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਇੱਕ ਅਜਿਹਾ ਰਾਗ ਹੈ, ਜਿਸ ਦੇ ਸਭ ਤੋਂ ਜ਼ਿਆਦਾ ਪ੍ਰਕਾਰ ਦਰਜ ਹਨ ਜਿਵੇਂ ਕਿ:

1. ਗਉੜੀ ਗੁਆਰੇਰੀ
2. ਗਉੜੀ ਦੱਖਣੀ
3. ਗਉੜੀ ਬੈਰਾਗਣਿ
4. ਗਉੜੀ ਚੇਤੀ
5. ਗਉੜੀ ਦੀਪਕੀ
6. ਗਉੜੀ ਪੂਰਬੀ ਦੀਪਕੀ
7. ਗਉੜੀ ਪੂਰਬੀ
8. ਗਉੜੀ ਮਾਝ
9. ਗਉੜੀ ਮਾਲਵਾ
10. ਗਉੜੀ ਮਾਲਾ
11. ਗਉੜੀ ਸੋਰਠਿ

ਗੁਰਮਤਿ ਸੰਗੀਤ ਤੋਂ ਇਲਾਵਾ ਭਾਰਤੀ ਸੰਗੀਤ ਵਿੱਚ ਵੀ ਗਉੜੀ ਰਾਗ ਪੁਰਾਤਨ ਕਾਫੀ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਦੇ ਗ੍ਰੰਥਾਂ ਵਿੱਚ ਇਸ ਨੂੰ ਕਈ ਨਾਵਾਂ ਨਾਲ ਲਿਖਿਆ ਗਿਆ ਹੈ, ਜਿਵੇਂ ਗੋਰੀ, ਗੌੜੀ, ਗਾਵਰੀ, ਗਉਰੀ ਆਦਿ। ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਕੋਮਲ ਲਗਦੇ ਹਨ ਬਾਕੀ ਸੁਰ ਸ਼ੁੱਧ ਅਤੇ ਆਰੋਹ ਵਿੱਚ ਗੰਧਾਰ, ਧੈਵਤ ਨੂੰ ਵਰਜਿਤ ਕੀਤਾ ਜਾਂਦਾ ਹੈ। ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਭੈਰਵ ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸੰਪੂਰਣ ਹੈ।

ਆਰੋਹ : ਸ ਰੇ̱ ਗ ਰੇ̱, ਮ ਪ, ਨੀ ਸਂ।
ਅਵਰੋਹ : ਸਂ ਨੀ ਧੁ ਮ ਪ, ਧੁ ਪ ਮ ਗੁ, ਰੇ̱ ਗ ਰੇ̱, ਸ ਨ਼ੀ, ਸ।
ਮੁੱਖ ਅੰਗ : ਮ ਧੁ ਪ, ਧੁ ਮ ਪ ਮ ਗ ਰੇ̱, ਗ ਰੇ̱ ਸ ਨ਼ੀ, ਸ।
ਸੁਰ ਵਿਸਥਾਰ : 1. ਸ, ਨ਼ੀ ਧੁ ਨੀ, ਧੁ ਪ਼, ਪ਼ ਨ਼ੀ ਸ, ਰੇ̱ ਮ ਗ ਰੇ̱, ਰੇ̱ ਮ ਗ ਰੇ̱ ਮ ਪ, ਧੁ ਪ, ਧੁ ਮ ਪ ਮ ਗ, ਰੇ̱ ਗ ਰੇ̱, ਸ ਨ਼ੀ, ਸ।
2. ਸ, ਰੇ̱ ਗ ਰੇ̱, ਮ ਪ, ਧੁ ਪ ਧੁ ਮ ਪ ਨੀ, ਧੁ ਪ, ਮ ਪ ਨੀ ਸਂ, ਰੇਂ̱ ਗ ਰੇਂ̱, ਸਂ ਨੀ, ਮ ਪ ਨੀ ਧੁ ਪ, ਪ, ਮ ਧੁ ਪ ਮ ਗ ਰੇ̱ ਗ, ਰੇ̱ ਗ ਰੇ̱, ਗ ਰੇ̱ ਸ ਨ਼ੀ, ਨ਼ੀ ਰੇ̱ ਸ।

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | ਸਂਨੀ | ਨੀਧੁ | ਧੁਪ | ਮ | – | ਧੁ | ਪਧੁ | –ਮ | ਪ | ਗ | ਰੁੇ | ਗ |
| | | | | ਸਾऽ | ऽऽ | ਧੋऽ | ऽ | ऽ | ਗੋ | ऽਬਿੰ | ऽਦ | ਕੇ | ऽ | ਗੁ | ਨ |
| ਰੇ | – | ਸ | – | – | ਰੁੇ | –ਨ਼ੀ | ਸਰੁੇ | ਮ | ਮ | ਪ | – | – | ਸਂਸਂ | –ਸਂ | –ਸਂ |
| ਗਾ | ऽ | ਵਉ | ऽ | ऽ | ਮਾ | ऽਨ | ऽਸ | ਜ | ਨ | ਮੁ | ऽ | ऽ | ਅਮੋ | ऽਲ | ऽਕ |
| ਨੀ | – | ਸਂ | – | – | ਸਰੁੇਂ | –ਸਂ | –ਰੁੇਂ | ਨੀ | – | ਸਂ | ਸਂ | ਧੁ | – | ਮ | ਪ |
| ਪਾ | ऽ | ਇਓ | ऽ | ऽ | ਬਿਰ | ऽਥਾ | ऽऽ | ਕਾ | ऽ | ਹਿ | ਗ | ਵਾ | ऽ | ਵਉ | ऽ |
| – | – | – | – | | | | | | | | | | | | |
| ऽ | ऽ | ऽ | ऽ | | | | | | | | | | | | |
| *ਅੰਤਰਾ* | | | | – | ਧੁਪ | –ਧੁ | –ਮ | ਪ | ਗ | ਮ | – | – | ਪਧੁ | ਧੁਮ | ਪ |
| | | | | ऽ | ਪਤਿ | ऽਤ | ऽਪੁ | ਨੀ | ऽ | ਤ | ऽ | ऽ | ਦੀऽ | ऽऽ | ਨ |
| ਨੀ | ਨੀ | ਸਂ | ਸਂ | – | ਰੁੇਰੁੇਂ | –ਰੁੇਂ | –ਰੁੇਂ | ਰੁੇਂ | – | – | – | ਸਂ | ਰੁੇਂ | ਗਂ | ਰੁੇਂ |
| ਬੰ | ਧ | ਹ | ਰਿ | ऽ | ਸਰ | ऽਨਿ | ऽਤਾ | ਹਿ | ऽ | ऽ | ऽ | ਤੁ | ਮ | ਆ | ऽ |
| ਸਂ | – | – | – | – | ਧੁਪ | –ਧੁ | –ਮ | ਪ | ਗ | ਮ | – | – | ਪਧੁ | ਧੁਮ | ਪ– |
| ਵਉ | ऽ | ऽ | ऽ | ऽ | ਗਜ | ऽਕੋ | ऽऽ | ਤ੍ਰਾ | ऽ | ਸੁ | ऽ | ऽ | ਮਿਟਿ | ਓऽ | ਜਿਹ |
| ਨੀ | ਨੀ | ਸਂ | ਸਂ | – | – | ਰੁੇਰੁੇਂ | ਰੁੇਂ | ਰੁੇਂ | – | – | – | ਰੁੇਂ | ਗਂ | ਮਂ | ਗਂ |
| ਸਿ | ਮ | ਰ | ਤ | ऽ | ऽ | ਤੁਮ | ਕਾ | ਹੇ | ऽ | ऽ | ऽ | ਬਿ | ਸ | ਰਾ | ऽ |
| ਰੁੇਂ | – | ਸਂ | – | – | – | ਸਰੁੇਂ | ਸਰੁੇਂ | ਨੀ | – | ਸਂ | ਸਂ | ਧੁ | – | ਮ– | ਪ |
| ਵਉ | ऽ | ऽ | ऽ | ऽ | ऽ | ਤੁਮ | ਕਾऽ | ਹੇ | ऽ | ਬਿ | ਸ | ਗਾ | ऽ | ਵਉ | ऽ |
| – | – | – | – | | | | | | | | | | | | |
| ऽ | ऽ | ऽ | ऽ | * | | | | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।


## ਗੁਰਮੁਖ ਢੂਡ ਢੂਢੇਦਿਆਂ ( Free Matrimonial Service )

**SUITABLE** match for Girl (D.O.B. 29.12.1971/ 5ft.), sharp features beautiful, vortuous & polite. MA (History), M.Phil., UGC (NET) qualified. Working as a Regular College Lecturer in a College run by S.G.P.C. Amritsar. Three brothers, elder is MBBS presently doing MD (Medicine), one is completing MBBS and other is preparing for Civil Services competition. Sister is studying in MA. Mother is a pious & noble house-wife. Father is a Lecturer in Govt. College.

**Contact** : S. Baldev Singh Vig Bazar Khurd, Bahadurpur, Hoshiarpur (Pb.)

**Phone :** 01882-225625

**SUITABLE** non-trimmer match for Khatri / Arora Sikh Girl (26½ / 5-6"). MSc. (Physics) BEd., teaching in Public School, Senior Secondary Classes, drawing Rs. 8,200/- pm. Father XEn. Pb. Govt., Mother housewife.

**Contact** : S. Taranjit Singh Dawra, # 243, Harminder Nagar,Tripuri Market, Patiala **Phone :** 0175-352283